# ਹਾਣੀ

(ਨਾਟਕ ਸ਼ੁਰੂ ਹੋਣ ’ਤੇ ਸਟੇਜ ’ਤੇ ਇਸ ਤਰ੍ਹਾਂ ਹਲਚਲ ਕਿ ਨੌਜਵਾਨ ਮੁੰਡੇ ਕੁੜੀਆਂ ਇਕ ਥਾਂ ’ਤੇ ਮਿੱਟੀ ਪਾ ਕੇ ਦੂਜੀ ਥਾਂ ਲਿਜਾ ਰਹੇ ਹਨ। ਨਾਟਕ ਦੇ ਸਾਰੇ ਕਿਰਦਾਰ ਬਿੰਦਰ, ਦੀਪ, ਰਵੀ, ਚਾਚਾ, ਪਰਮਜੀਤ, ਜਿਓਤੀ, ਸੂਬੇਦਾਰ, ਤਾਈ ਦਿਸਦੇ ਹਨ। ਇਕ ਨੁੱਕਰ ਵਿਚ ਨੌਜਵਾਨ ਮੁੰਡੇ ਕੁੜੀਆਂ ਕੰਮ ਕਰ ਰਹੇ ਹਨ। ਸੂਬੇਦਾਰ ਅਤੇ ਤਾਈ ਉਨ੍ਹਾਂ ਨੂੰ ਦੇਖ ਕੇ ਖ਼ੁਸ਼ ਹਨ। ਇਕ ਨੁੱਕਰ ਤੇ ਠੇਕੇਦਾਰ ਈਸ਼ਰ ਸਿੰਘ ਅਤੇ ਲਾਲ ਕਰਮਚੰਦ ਖੜ੍ਹੇ ਹਨ। ਜ਼ਾਹਰ ਹੈ ਕਿ ਉਹ ਇਸ ਕੰਮ ’ਤੇ ਖ਼ੁਸ਼ ਨਹੀਂ ਸਨ। ਸੰਗੀਤ ਚੱਲ ਰਿਹਾ ਹੈ। ਇਕ ਗੀਤ ਦੇ ਬੋਲ ਉੱਚੇ ਹੁੰਦੇ ਹਨ)

ਅਸੀਂ ਮਿਲ ਕੇ ਚਲੇ ਹਾਂ ਸਾਥੀ
ਹਰ ਮੁਸ਼ਕਿਲ ਸਰ ਕਰਾਂਗੇ
ਮੰਜ਼ਿਲ ਚੱਲ ਕੇ ਆਏਗੀ ਸਾਡੇ ਕੋਲ
ਮਿਲ ਕੇ ਜਦੋਂ ਸਫ਼ਰ ਕਰਾਂਗੇ

*(ਕੁਝ ਚਿਰ ਸੰਗੀਤ ਤੋਂ ਬਾਅਦ ਕੰਮ ਕਰਦੇ ਸਾਥੀ ਇਕ ਮੁਦਰਾ ਵਿਚ ਫਰੀਜ਼ ਹੁੰਦੇ ਹਨ। ਲਾਲਾ ਕਰਮਚੰਦ ਠੇਕੇਦਾਰ ਈਸ਼ਰ ਸਿੰਘ ਦੀ ਗੱਲਬਾਤ ਸੁਣਦਾ ਹੈ।)*

ਲਾਲਾ : ਕਿਉਂ ਠੇਕੇਦਾਰ ਈਸ਼ਰ ਸਿੰਘ ਜੀ...ਇਹ ਮੁੰਡੇ ਕੁੜੀਆਂ ਏਥੇ ਕੀ ਬਣਾ ਰਹੇ ਨੇ ?

ਠੇਕੇਦਾਰ : ਤੁਹਾਨੂੰ ਨਹੀਂ ਪਤਾ ?

ਲਾਲਾ : ਮੈਂ ਤਾਂ ਇਹੀ ਸਮਝ ਸਕਿਆ ਹਾਂ ਕਿ ਕਿਸੇ ਡਰਾਮੇ ਵਗੈਰਾ ਲਈ ਸਟੇਜ ਬਣਾ ਰਹੇ ਨੇ...ਇਸ ਲਈ ਮਿੱਟੀ ਪੁੱਟ ਰਹੇ ਨੇ।

ਠੇਕੇਦਾਰ : ਲਾਲਾ ਜੀ...ਮਿੱਟੀ ਭਾਵੇਂ ਸਟੇਜ ਲਈ ਪੁੱਟ ਰਹੇ ਨੇ, ਪਰ ਇਹ ਸਮਝ ਲਵੋ, ਇਹਦੇ ਨਾਲ ਹੀ ਤੁਹਾਡੀ ਕਬਰ ਪੁੱਟ ਰਹੇ ਨੇ।

ਲਾਲਾ : ਮੈਂ ਸਮਝਿਆ ਨਹੀਂ।

ਠੇਕੇਦਾਰ : ਸਮਝਣ ਦੀ ਕੋਸ਼ਿਸ਼ ਕਰੋ...ਇਥੇ ਸਟੇਜ ਡਰਾਮੇ ਲੱਗਣਗੇ ਤੇ ਡਰਾਮੇ ਕੋਈ ਰਾਜਾ ਹਰੀਸ਼ ਚੰਦਰ ਦੇ ਨਹੀਂ ਹੋਣਗੇ...ਉਹ ਤੁਹਾਡੇ ਮੇਰੇ ਵਿਰੁੱਧ ਹੋਣਗੇ ਕਿ ਠੇਕੇਦਾਰ ਨੇ ਪੰਚਾਇਤ ਦਾ ਪੈਸਾ ਖਾਧਾ...ਲਾਲਾ

ਕਰਮ ਚੰਦ ਨੇ ਖਾਦ ਵਿਚ ਮਿੱਟੀ ਦੀ ਮਿਲਾਵਟ ਕੀਤੀ।

ਲਾਲਾ : ਮੈਂ ਤਾਂ ਕਦੀ ਨਹੀਂ ਖਾਦ ਵਿਚ ਮਿੱਟੀ ਮਿਲਾ ?ਦਾ।

ਠੇਕੇਦਾਰ : ਤੇ ਮੈਂ ਕਿਹੜਾ ਪੰਚਾਇਤ ਦਾ ਕੋਈ ਪੈਸਾ ਖਾਂਦਾ ਹਾਂ...ਪਰ ਡਰਾਮੇ ਤਾਂ ਹੋਣਗੇ। ਮੁੰਡਿਆਂ ਨੂੰ ਕੌਣ ਰੋਕ ਸਕਦਾ ਏ...ਤੇ ਤੁਹਾਡਾ ਰਵੀ ਵੀ ਮੁੰਡਿਆਂ ਵਿਚ ਸ਼ਾਮਿਲ ਏ।

ਲਾਲਾ : ਇਹਨੂੰ ਤਾਂ ਮੈਂ ਚੰਗੀ ਤਰ੍ਹਾਂ ਵੇਖ ਲਵਾਂਗਾ।

*(ਲਾਲਾ ਕਰਮਚੰਦ ਗੁੱਸੇ ਨਾਲ ਜ਼ਮੀਨ 'ਤੇ ਪੈਰ ਮਾਰਦਾ ਹੈ। ਦੋਨੋਂ ਬਾਹਰ ਜਾਂਦੇ ਹਨ। ਫਰੀਜ਼ ਹੋਇਆ ਐਕਸ਼ਨ ਫੇਰ ਸ਼ੁਰੂ ਹੋ ਜਾਂਦਾ ਹੈ। ਤਾਈ ਟੋਕਰੀ ਚੁੱਕਦੀ ਹੈ।)*

ਬਿੰਦਰ : ਤਾਈ ਰਹਿਣ ਦੇ...ਤੇਰੇ ਕੋਲੋਂ ਨਹੀਂ ਚੁੱਕੀ ਜਾਣੀ ਟੋਕਰੀ।

ਤਾਈ : ਤੁਹਾਡਾ ਤਾਇਆ ਕਹਿੰਦਾ ਹੁੰਦਾ ਸੀ ਕਿ ਮੋਰਚਾ ਤਾਂ ਹੀ ਸਫ਼ਲ ਹੁੰਦਾ ਏ ਜੇ ਤੀਵੀਆਂ ਵੀ ਨਾਲ ਸਾਥ ਦੇਣ।

ਬਿੰਦਰ : ਮੋਰਚਾ ?

ਤਾਈ : ਤੁਸੀਂ ਜ਼ਿੰਦਗੀ ਬਦਲਣ ਜਾ ਰਹੇ ਹੋ ਤੇ ਇਹ ਕਿਸੇ ਮੋਰਚੇ ਨਾਲੋਂ ਘੱਟ ਏ।

*(ਸੰਗੀਤ ਵੱਜਦਾ ਹੈ ਤੇ ਕੁਝ ਦੇਰ ਕੰਮ ਚੱਲਦਾ ਹੈ ਤੇ ਫੇਰ ਸਾਰੇ ਇਕ ਕੰਪੋਜੀਸ਼ਨ ਵਿਚ ਬਾਹਰ ਜਾਂਦੇ ਹਨ।)*

## ਸੀਨ ਇਕ

(ਸੂਬੇਦਾਰ ਦੇ ਘਰ ਦੀ ਬੈਠਕ। ਦੀਪਾ, ਰਵੀ ਤੇ ਬਿੰਦਰ ਬੈਠੇ ਹਨ। ਬਿੰਦਰ ਗੁੱਟ 'ਤੇ ਬੰਨ੍ਹੀ ਘੜੀ ਨੂੰ ਵੇਖਦਾ ਹੈ।)

ਬਿੰਦਰ : ਬਾਕੀ ਪ੍ਰੋਗਰਾਮ ਜਗਤਾਰ ਦੇ ਆਉਣ 'ਤੇ ਹੀ ਬਣਾ ਲਵਾਂਗੇ।

ਦੀਪਾ : ਪਰ ਉਹ ਕਿਸ ਵੇਲੇ ਆਏਗਾ ?

ਬਿੰਦਰ : ਕਿਸੇ ਵੇਲੇ ਵੀ ਆ ਸਕਦਾ ਏ...ਸਵੇਰੇ ਉਹਨੇ ਸਕੂਲ ਹਾਜ਼ਰੀ ਦੇਣੀ ਏ।

ਰਵੀ : ਉਹਦੇ ਆਉਣ ਨਾਲ ਸਭਾ ਦੇ ਕੰਮ ਵਿਚ ਬੜੀ ਮਦਦ ਮਿਲੇਗੀ।

ਦੀਪਾ : ਬਿੰਦਰ ਦੱਸਦਾ ਏ...ਕੋਈ ਖ਼ਾਸ ਬੰਦਾ ਏ।

ਬਿੰਦਰ : ਹਾਂ, ਖ਼ਾਸ ਹੀ ਬੰਦਾ ਏ...ਰਵੀ ਠੀਕ ਹੀ ਕਹਿੰਦਾ ਏ ਉਹਦੇ ਆਉਣ ਨਾਲ ਸਭਾ ਦੇ ਕੰਮ ਵਿਚ ਮਦਦ ਮਿਲੇਗੀ...ਹਰ ਬੰਦੇ ਦੇ ਆਉਣ ਨਾਲ ਫ਼ਰਕ ਪੈਂਦਾ ਏ।

ਰਵੀ : ਦੇਖ ਲਵੋ..ਜਦੋਂ ਦੀ ਪਰਮਜੀਤ ਆਈ ਏ...ਔਰਤਾਂ ਦੇ ਕੰਮ ਵਿਚ ਕਿਸ ਤਰ੍ਹਾਂ ਵਾਧਾ ਹੋਇਆ ਏ।

ਦੀਪਾ : ਪਿੰਡ ਵਿਚ ਲੇਡੀ ਸਾਈਕਲਾਂ ਦਾ ਵੀ ਵਾਧਾ ਹੋ ਗਿਆ ਏ।

ਬਿੰਦਰ : ਤੈਨੂੰ ਤਾਂ ਸਾਈਕਲਾਂ ਦੀ ਗਿਣਤੀ ਦਾ ਹੀ ਫ਼ਿਕਰ ਏ।

ਦੀਪਾ : ਯਾਰ ਸਾਈਕਲ ਸਾਡਾ ਰੁਜ਼ਗਾਰ ਏ...ਹਰ ਇਕ ਬੰਦੇ ਨੂੰ ਆਪਣੇ ਰੁਜ਼ਗਾਰ ਦਾ ਫ਼ਿਕਰ ਹੋਣਾ ਚਾਹੀਦਾ ਏ।

ਰਵੀ : ਬਿੰਦਰਾ...ਜਗਤਾਰ ਦੇ ਆਉਣ ਤਕ ਕੱਪ ਕੱਪ ਚਾਹ ਦਾ ਹੋ ਜਾਏ।

*(ਜਿਓਤੀ ਦਾ ਦਾਖ਼ਲਾ, ਇਕ ਹੱਥ ਫਉੜੀ ਤੇ ਇਕ ਹੱਥ ਥਾਲੀ ਨੂੰ ਬੈਲੈਂਸ ਕਰਦੀ ਹੈ, ਜਿਸ ਉੱਤੇ ਤਿੰਨ ਕੱਪ ਚਾਹ ਦੇ ਰੱਖੇ ਹੋਏ ਹਨ।)*

ਬਿੰਦਰ : (ਥਾਲੀ ਉਸ ਦੇ ਹੱਥੋਂ ਫੜਦਾ ਹੋਇਆ) ਤੂੰ ਕਾਹਨੂੰ ਲਿਆਉਣੀ ਸੀ ?

*(ਪਰਮਜੀਤ ਜਿਓਤੀ ਦੇ ਪਿੱਛੇ ਆਉਂਦੀ ਹੈ।)*

ਪਰਮਜੀਤ : ਮੈਂ ਤਾਂ ਕਿਹਾ ਸੀ ਆਵਾਜ਼ ਦੇਨੇ ਹਾਂ...ਆ ਕੇ ਲੈ ਜਾਣਗੇ...ਪਰ ਇਹ ਸੇਵਾ ਦੀ ਪੁਤਲੀ ਨਹੀਂ ਚਾਹੁੰਦੀ ਕਿ ਕੋਈ ਸੇਵਾ ਦਾ ਮੌਕਾ ਖੁੰਝ ਜਾਏ।

ਜਿਓਤੀ : ਮੈਂ ਕਿਹਾ ਸਾਰੇ ਪਤਾ ਨਹੀਂ ਕਿਹੜੀ ਜ਼ਰੂਰੀ ਗੱਲਬਾਤ ਕਰ ਰਹੇ ਹੋਣੇ ਨੇ...ਕਾਹਨੂੰ ਉਨ੍ਹਾਂ ਦਾ ਧਿਆਨ ਦੂਜੇ ਪਾਸੇ ਕਰਨਾ ਏ।

ਪਰਮਜੀਤ : ਇਥੇ ਇਹ ਨਹੀਂ ਪਤਾ ਕਿ ਗੱਪ 'ਤੇ ਗੱਪ ਵੱਜ ਰਹੀ ਹੋਣੀ ਏ... (ਜਿਓਤੀ ਵੱਲ) ਬਾਕੀ ਜਿਓਤੀ ਕੱਪ ਇਨ੍ਹਾਂ ਨੇ ਕੀ ਫੜਨਾ ਏ... ਇਹ ਤਾਂ ਘੜੇ ਵਿਚੋਂ ਪਾਣੀ ਦਾ ਗਿਲਾਸ ਆਪੇ ਪਾ ਕੇ ਨਹੀਂ ਪੀ ਸਕਦੇ...ਬੰਦਾ ਬਾਹਰ ਭਾਵੇਂ ਟੋਕਰੀ ਢੋਂਦਾ ਆਏ, ਘਰ ਵੜਦਿਆਂ ਹੀ ਨਵਾਬ ਹੋਏਗਾ...(ਨਕਲ ਲਗਾ ਕੇ) 'ਜੀਤੀ ਇਕ ਗਿਲਾਸ ਪਾਣੀ ਦਾ ਫੜਾਈਂ'...ਮੇਰੇ ਜਹੀ ਹੋਵੇ ਤਾਂ ਕਵ੍ਹੇ ਕਿ ਆਪੇ ਫੜ ਕੇ ਪੀ ਲੈ...ਆਂਡਿਆਂ 'ਤੇ ਤਾਂ ਨਹੀਂ ਬੈਠਾ...(ਹਾਸਾ) ਚੱਲ ਜਿਓਤੀ ਚੱਲ ਬਾਕੀ ਸਾਰੀਆਂ ਉਡੀਕਦੀਆਂ ਹੋਣਗੀਆਂ।

ਬਿੰਦਰ : ਕੌਣ ਉਡੀਕਦੀਆਂ ਹੋਣਗੀਆਂ ?

ਜਿਓਤੀ : ਅਸੀਂ ਵੀ ਅੱਜ ਤੀਵੀਆਂ ਦੀ ਮੀਟਿੰਗ ਬੁਲਾਈ ਏ।

ਬਿੰਦਰ : ਕਿਸ ਲਈ ?

ਪਰਮਜੀ : ਇਸ ਲਈ ਕਿ ਸਾਡੇ ਵੀ ਕੋਈ ਹੱਕ ਨੇ...ਅਸੀਂ ਤੁਹਾਨੂੰ ਨਵਾਬਾਂ ਨੂੰ ਸਿਰਫ਼ ਚਾਹ ਪਿਲਾਉਣ ਜੋਗੀਆਂ ਨਹੀਂ ਤੇ ਹੁਣ ਮਸਲਾ ਇਹ ਵੇ ਕਿ ਜਗੀਰੋ ਅਮਲੀ ਨੇ ਸ਼ਰਾਬ ਪੀ ਕੇ ਰਾਤ ਭਾਨੀ ਨੂੰ ਫੇਰ ਕੁੱਟਿਆ ਏ।

ਰਵੀ : ਸਾਨੂੰ ਪਤਾ ਏ...ਅਸੀਂ ਜਗੀਰੇ ਦੀ ਲਾਹ ਪਾਹ ਕੀਤੀ ਏ।

ਪਰਮਜੀਤ : ਤੁਸੀਂ ਤਾਂ ਉਹਦੀ ਲਾਹਪਾਹ ਕੀਤੀ ਏ...ਅਸੀਂ ਭਾਨੀ ਨੂੰ ਤਕੜਿਆਂ ਕਰਨਾ ਏਂ...ਜਗੀਰਾ ਕੋਈ ਰੁਸਤਮ ਨਹੀਂ ਕਿ ਜਦੋਂ ਮਰਜ਼ੀ ਕੁੱਟ ਲਵੇ, ਭਾਨੀ ਨੂੰ ਉਹਦਾ ਜਵਾਬ ਦੇਣਾ ਚਾਹੀਦਾ ਏ।

ਜਿਓਤੀ : ਵੀਰ ਜੀ...ਤੁਹਾਡਾ ਦੋਸਤ ਕਦੋਂ ਆਏਗਾ ?

ਪਰਮਜੀਤ : ਕਿਸ ਨੇ ਆਉਣੈ ?

ਜਿਓਤੀ : ਵੀਰ ਜੀ ਦਾ ਦੋਸਤ ਏ...ਇਥੇ ਹੀ ਸਕੂਲ ਬਦਲ ਕੇ ਆ ਰਿਹੈ... ਕਾਲਜ ਵੇਲੇ ਵਿਦਿਆਰਥੀਆਂ ਦਾ ਲੀਡਰ ਏ।

ਦੀਪਾ : ਇਕ ਹੋਰ ਲੀਡਰ ਪਿੰਡ ਆ ਗਿਆ ਏ।

ਪਰਮਜੀਤ : ਅੱਗੇ ਕਿਹੜਾ ਏ ?

ਬਿੰਦਰ : ਅੱਗੇ ਤੂੰ ਨਹੀਂ।

ਪਰਮਜੀਤ : ਬਸ ਝੇਡਾਂ ਕਰਨੀਆਂ ਹੀ ਆਉਂਦੀਆਂ ਨੇ...ਬਿੰਦਰਾ ਤੈਨੂੰ ਦੱਸ ਦੇਵਾਂਗੀ ਕਿ ਮੈਂ ਕੀ ਹਾਂ...ਨਿੱਕੇ ਹੁੰਦਿਆਂ ਦੀ ਮਾਰ ਭੁੱਲ ਗਿਆ ਏਂ ?

*(ਸੂਬੇਦਾਰ ਹਜ਼ਾਰਾ ਸਿੰਘ ਆਉਂਦਾ ਹੈ।)*

ਸੂਬੇਦਾਰ : ਸਾਡੀ ਜਥੇਦਾਰਨੀ ਦੀ ਦੋਹਤੀ ਕਿਸ ਉੱਤੇ ਵਰ੍ਹ ਗਈ ਏ ?

ਬਿੰਦਰ : ਬਾਪੂ ਜੀ ਜਥੇਦਾਰਨੀ ਦੀ ਦੋਹਤੀ ਨਹੀਂ...ਇਹ ਆਪ ਵੀ ਜਥੇਦਾਰਨੀ ਏ ?

ਪਰਮਜੀਤ : ਤਾਇਆ ਜੀ...ਸਤਿ ਸ੍ਰੀ ਅਕਾਲ...ਇਹ ਬਿੰਦਰ ਬਾਜ਼ ਨਹੀਂ ਆਉਂਦਾ।

ਸੂਬੇਦਾਰ : ਚੱਲ ਇਹਨੂੰ ਮੈਂ ਸਮਝਾ ਲਵਾਂਗਾ...ਕੀ ਹਾਲ ਏ ਸਾਡੀ ਜਥੇਦਾਰਨੀ ਦਾ ?

ਪਰਮਜੀਤ : ਠੀਕ ਏ ਬਾਪੂਜੀ...ਪਰ ਨਿੱਕੇ ਮਾਮੇ ਕਰਕੇ ਥੋੜਾ ਵਿਘਨ ਪਿਆ ਏ।

ਸੂਬੇਦਾਰ : (ਬੈਠਦਾ ਹੋਇਆ) ਕਿਉਂ ? ਕੀ ਗੱਲ ਹੋਈ ਏ ?

ਪਰਮਜੀਤ : ਮਾਮਾ ਵੱਖਰਾ ਹੋਣ ਨੂੰ ਕਹਿੰਦਾ ਏ, ਪਰ ਨਾਨੀ ਕਹਿੰਦੀ ਏ...ਮੈਂ ਜੀਊਂਦੇ ਜੀ ਵੱਖ ਹੋਣ ਨਹੀਂ ਦੇਣਾ।

ਸੂਬੇਦਾਰ : ਉਹ ਕਿਉਂ ਜ਼ਿਦ ਕਰਦੀ ਏ...ਜੇ ਮਾਸਟਰ ਮਾਸਟਰਨੀ ਵੱਖਰੇ ਹੋਣ ਨੂੰ ਕਹਿੰਦੇ ਨੇ ਤਾਂ ਹੋਣ ਦੇਵੇ।ਉਂਞ ਵੀ ਤੇਰੇ ਵੱਡੇ ਮਾਮੇ ਤੇ ਰਾਜਿੰਦਰ ਮਾਮੇ ਦੇ ਸੁਭਾਅ ਵਿਚ ਬਹੁਤਾ ਹੀ ਫ਼ਰਕ ਏ।

ਦੀਪਾ : ਤਾਇਆ ਜੀ, ਗੱਲ ਮਾਪਿਆਂ ਦੀ ਨਹੀਂ...ਇਹਦੀ ਨਿੱਕੀ ਮਾਮੀ ਦੀ ਏ...ਮਾਸਟਰਨੀ ਰੋਹਬ ਹੀ ਬੜਾ ਪਾਉਂਦੀ ਏ...ਮੈਂ ਤਾਂ ਉਹਦੇ ਸਾਈਕਲ ਨੂੰ ਪੈਂਚਰ ਵੀ ਡਰਦੇ ਡਰਦੇ ਲਾਉਂਦਾ ਹਾਂ।

ਪਰਮਜੀਤ : ਮਾਸਟਰ ਮਾਸਟਰਨੀਆਂ ਨੂੰ ਰੋਹਬ ਪਾਉਣ ਦੀ ਆਦਤ ਪੈ ਗਈ ਏ।

ਬਿੰਦਰ : ਜੀਤੀ ਜੇਕਰ ਤੂੰ ਮਾਸਟਰਨੀ ਲੱਗ ਗਈ ਤਾਂ ਤੂੰ ਵੀ ਇਸ ਤਰ੍ਹਾਂ ਹੋ ਜਾਣਾ ਏ।

ਪਰਮਜੀਤ : ਹੋਵਾਂ ਜਾਂ ਨਾ ਹੋਵਾਂ...ਪਰ ਤੇਰੀਆਂ ਤਾਂ ਬੈਠਕਾਂ ਕਢਵਾ ਦੇਵਾਂਗੀ... ਚੱਲ ਜਿਓਤੀ।

ਜਿਓਤੀ : (ਜਾਂਦੇ ਹੋਏ) ਬਾਪੂ ਜੀ ਰੋਟੀ ਆ ਕੇ ਦੇਵਾਂਗੀ।

ਸੂਬੇਦਾਰ : ਮੈਨੂੰ ਕੋਈ ਕਾਹਲ ਨਹੀਂ।

*(ਦੋਵੇਂ ਜਾਂਦੀਆਂ ਹਨ।)*

ਸੂਬੇਦਾਰ : ਬਿੰਦਰ...ਉਤਲੇ ਚੁਬਾਰੇ ਦੀ ਸਫ਼ਾਈ ਕਰਵਾ ਦੇਣੀ ਸੀ ਜਗਤਾਰ ਨੂੰ ਹੋਰ ਨਹੀਂ ਕਿਧਰੇ ਜਾਣ ਦੇਣਾ।

ਬਿੰਦਰ : ਉਹਨੇ ਜਾਣਾ ਕਿਥੇ ਏ ਬਾਪੂ ਜੀ...ਤੁਹਾਨੂੰ ਵੀ ਤਾਂ ਕੋਈ ਸਾਥ ਚਾਹੀਦੈ।

ਰਵੀ : ਤਾਇਆ ਜੀ, ਤੁਹਾਨੂੰ ਚਾਰ ਅਖ਼ਬਾਰਾਂ ਪੜ੍ਹੇ ਬਿਨਾਂ ਚੈਨ ਨਹੀਂ ਤੇ ਦੋ ਤਿੰਨ ਉਹ ਵੀ ਰੋਜ਼ ਪੜ੍ਹਦਾ ਏ ਤੇ ਰਸਾਲੇ ਵੱਖਰੇ।

ਸੂਬੇਦਾਰ : ਰਵੀ ਬੇਟੇ...ਇਨ੍ਹਾਂ ਅਖ਼ਬਾਰਾਂ ਦੇ ਸਿਰ 'ਤੇ ਹੀ ਤਾਂ ਜ਼ਿੰਦਗੀ ਵਧੀਆ ਲੰਘਦੀ ਏ...ਨਾਲੇ ਪਤਾ ਲੱਗਦਾ ਏ ਕਿ ਦੁਨੀਆ ਕਿਥੇ ਪੁੱਜ ਗਈ ਏ ਤੇ ਅਸੀਂ ਕਿਥੇ ਖਲੋਤੇ ਹਾਂ।

ਦੀਪਾ : ਤਾਇਆ ਜੀ...ਇਕ ਦੋ ਪੁਰਾਣੀਆਂ ਮੂਰਤਾਂ ਵਾਲੀਆਂ ਅਖ਼ਬਾਰਾਂ ਮੈਨੂੰ ਵੀ ਹੱਟੀ ਲਈ ਦੇ ਦਿਆ ਕਰੋ...ਗਾਹਕ ਦਾ ਜੀ ਲੱਗਾ ਰਹਿੰਦਾ ਏ...ਨਹੀਂ ਤਾਂ ਭੜਵੇ ਸਿਰ 'ਤੇ ਹੀ ਖਲੋਤੇ ਰਹਿੰਦੇ ਨੇ...ਕਾਰੀਗਰ ਦੇ ਸਿਰ 'ਤੇ ਬੰਦਾ ਆ ਕੇ ਖਲੋ ਜਾਏ...ਉਂ ਏਂ ਚੰਗਾ ਨਹੀਂ ਲੱਗਦਾ।

ਰਵੀ : ਤੇ ਤੂੰ ਕਾਰੀਗਰ ਏਂ ?

ਦੀਪਾ : ਹਾਂ, ਸਾਈਕਲਾਂ ਦਾ ਕਾਰੀਗਰ...ਸਾਈਕਲ ਮੁਰੰਮਤ ਮੇਰੇ ਵਾਕੁਣ ਕੋਈ ਨਹੀਂ ਕਰ ਸਕਦਾ...ਜਿਸ ਤਰ੍ਹਾਂ ਕਵਿਤਾ ਤੇਰੇ ਵਾਕੁਣ ਕੋਈ ਨਹੀਂ ਲਿਖ ਸਕਦਾ...ਬਾਕੀ ਤਾਇਆ ਜੀ, ਜਿਓਤੀ ਦਾ ਸਾਈਕਲ ਸ਼ੁਰੂ ਕਰ ਦਿੱਤਾ ਏ...ਜਿਓਤੀ ਪਰਮਜੀਤ ਹੋਰਾਂ ਨਾਲ ਵੱਡੇ ਸਕੂਲ ਜ਼ਰੂਰ ਜਾਏਗੀ। ਸਾਈਕਲ ਦੇ ਪਿੱਛੇ ਬੈਠ ਕੇ ਨਹੀਂ, ਸਗੋਂ ਆਪਣੇ ਸਾਈਕਲ 'ਤੇ।

ਬਿੰਦਰ : ਇਹ ਤਾਂ ਬੜੀ ਚੰਗੀ ਗੱਲ ਹੋਵੇਗੀ : ਉਹਨੂੰ ਹਰ ਵੇਲੇ ਇਹ ਫ਼ਿਕਰ ਲੱਗਾ ਰਹਿੰਦਾ ਹੈ ਕਿ ਉਹ ਕਿਸੇ ਦੇ ਤਰਸ ਦੀ ਪਾਤਰ ਨਾ ਬਣੇ।

ਰਵੀ : ਤਰਸ ਦੀ ਪਾਤਰ ਉਹ ਕਿਉਂ ਬਣੇ...ਪਿੰਡ ਦੇ ਹਰ ਦੁਖੀ ਦੀ ਉਹ

ਸੇਵਾ ਕਰਨ ਵਾਲੀ ਏ।

ਸੂਬੇਦਾਰ : ਹਾਂ...ਤੇ ਮੁੰਡਿਓ ਹੁਣ ਪਤਾ ਲੱਗਾ ਏ ਕਿ ਸਵੇਰੇ ਪਿੰਡ ਦਾ ਡਾਕਟਰ ਆ ਰਿਹਾ ਏ...ਪੋਲੀਓ ਦੇ ਟੀਕੇ ਲੱਗਣੇ ਨੇ...ਘਰ ਘਰ ਇਤਲਾਹ ਦੇ ਆਵੋ, ਸਾਰੇ ਬੱਚਿਆਂ ਦੇ ਟੀਕੇ ਲੱਗਣ, ਬੱਚੇ ਕਿਧਰੇ ਡਰਦੇ ਛੁਪ ਨਾ ਜਾਣ...ਜਿਓਤੀ ਦੀ ਮਿਸਾਲ ਸਾਹਮਣੇ ਏ...ਬੰਦਾ ਘੜੀ ਦਾ ਖੁੰਝਿਆ ਫੇਰ ਸਾਰੀ ਉਮਰ ਪਛਤਾਉਂਦਾ ਏ।

ਬਿੰਦਰ : ਅਸੀਂ ਜਾਂਦੇ ਹਾਂ...ਤੇ ਜਲਦੀ ਆ ਜਾਵਾਂਗੇ...ਜਗਤਾਰ ਕਿਸੇ ਵੇਲੇ ਵੀ ਪੁੱਜ ਸਕਦਾ ਏ।

ਸੂਬੇਦਾਰ : ਤੂੰ ਉਹਦਾ ਫ਼ਿਕਰ ਨਾ ਕਰ...ਮੈਂ ਜੋ ਘਰ ਹਾਂ।

*(ਸਾਰੇ ਜਾਂਦੇ ਹਨ...ਫੇਡ ਆਊਟ...ਸੰਗੀਤ)*

## ਸੀਨ ਦੋ

(ਜਗੀਰੇ ਅਮਲੀ ਦਾ ਘਰ, ਤੀਵੀਆਂ ਦਾ ਇਕੱਠ। ਜਗੀਰੇ ਨੂੰ ਵਿਚਕਾਰ ਬਿਠਾਇਆ ਹੋਇਆ ਹੈ।)

ਜਗੀਰ : (ਪਹਿਲੇ ਕੰਨ ਨੂੰ ਹੱਥ ਲਗਾ ਕੇ, ਫੇਰ ਹੱਥ ਜੋੜ ਕੇ) ਜਥੇਦਾਰਨੀਓ, ਹੁਣ ਮੁਆਫ਼ ਕਰ ਦੇਵੋ...ਅੱਗੋਂ ਤੋਂ ਤੁਹਾਡੀ ਭਾਬੀ 'ਤੇ ਕਦੇ ਨਹੀਂ ਹੱਥ ਚੁੱਕਦਾ...ਮੇਰੀ ਤੋਬਾ ਮੇਰੇ ਪਿਓ ਦੀ ਤੋਬਾ।

ਤਾਈ : ਓਏ ਦੁਸ਼ਟਾ...ਤੂੰ ਇਸ ਨਿਮਾਨੜੀ 'ਤੇ ਹੱਥ ਚੁੱਕਿਆ...ਇਹਨੇ ਤੇਰੇ ਘਰ ਆ ਕੇ ਕੀ ਦੁੱਖ ਨਹੀਂ ਭੋਗਿਆ ? ਦਿਹਾੜੀਆਂ 'ਤੇ ਤੂੰ ਨਹੀਂ ਜਾਂਦਾ...ਹੱਥਾਂ ਪੈਰਾਂ ਵਿਚ ਤੇਰੇ ਨਸ਼ਿਆਂ ਕਰਕੇ ਜ਼ੋਰ ਨਹੀਂ ਰਿਹਾ... ਇਹ ਨਿੱਕੇ ਨਿੱਕੇ ਬੱਚਿਆਂ ਨੂੰ ਕਿਥੋਂ ਖਵਾਏ ?

ਭਾਨੀ : ਤਾਈ ਜੀ...ਰਾਤੀਂ ਕਹਿੰਦਾ ਮੈਨੂੰ ਚਾਹ ਕਰ ਦੇ...ਮੈਂ ਆਖਿਆ ਨਾ ਘਰ ਦੁੱਧ, ਨਾ ਪੱਤੀ, ਨਾ ਗੁੜ...ਮੈਂ ਚਾਹ ਕਿਥੋਂ ਕਰਕੇ ਦੇਂਦੀ, ਅਖੇ ਮੈਨੂੰ ਨਹੀਂ ਪਤਾ।

ਜਗੀਰ : ਹੈਂ ਕੰਜਰ ਦੀ...ਕਿਸ ਤਰ੍ਹਾਂ ਬੁੜ ਬੁੜ ਕਰਦੀ ਏ...(ਫੇਰ ਮੁੜ ਕੇ) ਓਏ ਮੇਰੀਓ ਭੈਣੋਂ...ਮੇਰੀਓ ਮਾਓਂ...ਭੁੱਲਿਆ, ਮੈਂ ਜੋ ਫੇਰ ਹੱਥ ਚੁੱਕਾਂ ਤਾਂ ਮੇਰੇ ਬੇਸ਼ੱਕ ਹੱਥ ਵੀ ਵੱਢ ਦੇਣਾ।

ਪਰਮਜੀਤ : ਕਿਉਂ ਭਾਬੀ ਠੀਕ ਏ ?

ਭਾਨੀ : ਜਦੋਂ ਹੋਸ਼ ਵਿਚ ਹੋਵੇ ਤਾਂ ਠੀਕ ਈ ਠੀਕ ਆ।

ਜਗੀਰ : ਮੈਂ ਤਾਂ ਇਹਦਾ ਖ਼ਿਆਲ ਹੀ ਬੜਾ ਰੱਖਦਾ ਆਂ...ਇਹ ਤਾਂ ਨਸ਼ੇ ਵਿਚ ਹੋਸ਼ 'ਚ ਹੀ ਨਹੀਂ ਰਹਿੰਦਾ...ਤਾਈ ਸਾਡੇ ਮਾਸਟਰ ਗਜੂ ਦਾ ਕੀ ਹਾਲ ਏ...ਸੁਣਿਐ, ਵੱਖਰੇ ਹੋਣ ਨੂੰ ਕਹਿੰਦਾ ਏ।

ਪਰਮਜੀਤ : ਵੇਖਿਆ, ਗੱਲ ਕਿਸ ਤਰ੍ਹਾਂ ਪਰਤਾਉਂਦਾ ਏ।

ਤਾਈ : (ਆਪਣੇ ਰੌਂਅ ਵਿਚ) ਲੈ ਉਹਦਾ ਕੀ ਪੁੱਛਦਾ ਐਂ...ਬਿਲਕੁਲ ਮਾਸਟਰਨੀ ਦਾ ਗੋਲਾ...ਵੱਖ ਹੋਣ ਨੂੰ ਹਾਲੇ ਸਾਫ਼ ਨਹੀਂ ਕਿਹਾ, ਪਰ ਕੱਲੇ ਰਹਿਣ ਵਾਲਾ ਵੀ ਕੋਈ ਹੱਜ ਨਹੀਂ।

ਪਰਮਜੀਤ : (ਜਿਓਤੀ ਨੂੰ ਹੌਲੀ ਜਹੀ) ਲੈ ਹੁਣ ਨਾਨੀ ਦੀ ਦੁਖਦੀ ਰਗ਼ ਉੱਤੇ ਹੱਥ ਰੱਖਿਆ ਗਿਆ।

ਤਾਈ : (ਗੱਲ ਜਾਰੀ ਰੱਖਦੇ ਹੋਏ) ਅੱਜ ਸਵੇਰੇ ਤੇਰੀ ਭਰਜਾਈ ਨੇ ਇਸ ਗੱਲ ਦਾ ਰੌਲਾ ਪਾ ਦਿੱਤਾ ਕਿ ਉਹਦਾ ਸਾਬਨ, ਤੇਲ ਦੂਜਿਆਂ ਨੇ ਕਿਉਂ ਵਰਤਿਆ ? ਉਹਨੂੰ ਭੂਤ ਭੀਤੀ ਜਿਹੀ ਨੂੰ ਭਲਾ ਕੋਈ ਬੰਦਾ ਪੁੱਛੇ, ਉਹ ਦੂਜਿਆਂ ਨਾਲੋਂ ਅਲੋਕਾਰ ਤਾਂ ਨਹੀਂ, ਜੋ ਉਹਦਾ ਸਾਬਨ ਤੇਲ ਘਰ ਦਾ ਹੋਰ ਕੋਈ ਦੂਜਾ ਜੀਅ ਨਹੀਂ ਵਰਤ ਸਕਦਾ...ਡਾਢੀ ਹੀ ਬਣੀ ਏ...ਪਰ ਤੂੰ ਭਲਿਆ ਭਾਨੀ ਨੂੰ ਨਾ ਕੁਝ ਕੁਝ ਕਿਹਾ ਕਰ...ਇਹ ਤਾਂ ਬਿਲਕੁਲ ਨਿਮਾਨੜੀ ਏ।

*(ਭਾਨੀ ਸਾਰਿਆਂ ਲਈ ਚਾਹ ਲਿਆਉਂਦੀ ਏ।)*

ਜਗੀਰ : ਲੈ ਹੁਣ, ਇਨ੍ਹਾਂ ਲਈ ਚਾਹ ਦੀ ਪੱਤੀ ਵੀ ਲੱਭ ਪਈ...ਦੁੱਧ ਵੀ ਲੱਭ ਪਿਆ ਤੇ ਗੁੜ ਵੀ ਲੱਭ ਪਿਆ।

ਭਾਨੀ : ਤੂੰ ਕਿਉਂ ਮਰਦਾ ਜਾਨਾ ਏਂ...ਤੂੰ ਵੀ ਪੀ ਲੈ।

*(ਜਗੀਰ ਭਾਨੀ ਕੋਲੋਂ ਚਾਹ ਲੈਂਦਾ ਹੈ ਤੇ ਉਹਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਮੁਸਕਰਾਉਂਦਾ ਹੈ।)*

ਜਗੀਰ : ਕੰਜਰ ਦੀਏ...ਸਾਡੇ ਗਰੀਬਾਂ ਕੋਲ ਇਕ ਦੂਜੇ ਲਈ ਪਿਆਰ ਅਤੇ ਹਮਦਰਦੀ ਦੇ ਸਿਵਾ ਰੱਖਿਆ ਹੀ ਕੀ ਏ ?

*(ਸਾਰੇ ਮੁਸਕਰਾਉਂਦੇ ਹਨ ਤੇ ਫੇਡ ਆਊਟ)*

## ਸੀਨ ਤੀਸਰਾ

(ਸੂਬੇਦਾਰ ਹਜ਼ਾਰਾ ਸਿੰਘ ਦੇ ਘਰ ਦਾ ਵਿਹੜਾ। ਜਗਤਾਰ ਅਖ਼ਬਾਰ ਪੜ੍ਹ ਰਿਹਾ ਹੈ। ਜਿਓਤੀ ਚੌਂਕੇ ਵਿਚ ਕੰਮ ਕਰ ਰਹੀ ਹੈ। ਪਰਮਜੀਤ ਬਾਹਰੋਂ ਆਉਂਦੀ ਹੈ।)

ਪਰਮਜੀਤ : ਜਿਓਤੀ...ਕਿਥੇ ਏ ਤੁਹਾਡਾ ਉਹ ?

ਜਿਓਤੀ : ਕੌਣ ਸਾਡਾ ?

ਪਰਮਜੀਤ : ਉਹੀ ਮਾਸਟਰ ਸੁਣਿਐ ਬੜਾ ਲੀਡਰ ਏ...ਸਿਧਾਂਤ ਤੋਂ ਬਿਨਾਂ ਗੱਲ ਨਹੀਂ ਕਰਦਾ।

*(ਜਗਤਾਰ ਅਖ਼ਬਾਰ 'ਚ ਗੱਡੀ ਨਜ਼ਰ ਚੁੱਕਦੈ ਤੇ ਜਿਓਤੀ ਕੋਲੋਂ ਇਸ਼ਾਰੇ ਨਾਲ ਪੁੱਛਦੈ ਕਿ ਇਹ ਕੀ ਚੀਜ਼ ਏ ?)*

ਪਰਮਜੀਤ : ਜਿਓਤੀ ਜਿਹੜੇ ਪਿੰਡੋਂ ਇਹ ਆਏ ਨੇ...ਕੀ ਉਥੇ ਬੋਲਣ ਦਾ ਰਿਵਾਜ ਨਹੀਂ।

ਜਗਤਾਰ : ਬੋਲਣ ਦਾ ਰਿਵਾਜ ਤਾਂ ਹੈ...ਪਰ ਮਤਲਬ, ਬਿਨਾਂ ਵਾਕਫ਼ੀਅਤ ਬੋਲਿਆ ਨਹੀਂ ਜਾਂਦਾ...ਹਾਂ ਤੇ ਬੰਦੇ ਦਾ ਨਾਂ ਜਗਤਾਰ ਹੈ, ਇਥੇ ਸਕੂਲ ਵਿਚ ਮਾਸਟਰ ਏ...ਪਿਛਲਾ ਪਿੰਡ ਕੰਗਨਪੁਰ ਏ, ਮਿਹਨਤਕਸ਼ ਲੋਕਾਂ ਦੇ ਸਿਧਾਂਤ ਨੂੰ ਜ਼ਿੰਦਗੀ ਦਾ ਈਮਾਨ ਸਮਝਦਾ ਏ।

ਪਰਮਜੀਤ : (ਹਾਸੇ ਨੂੰ ਮੁਸ਼ਕਲ ਨਾਲ ਰੋਕਦੇ ਹੋਏ) ਤੇ ਬੰਦੀ ਦਾ ਨਾਂ ਪਰਮਜੀਤ ਏ...ਜੀਤੀ ਜੀਤੀ ਸਾਰੇ ਆਖਦੇ ਨੇ...ਮਾਂ ਦੀ ਇਕੋ ਇਕ ਔਲਾਦ ਹਾਂ...ਪਿਤਾ ਦਾ ਸਹਾਰਾ ਬਚਪਨ ਵਿਚ ਉੱਠ ਗਿਆ ਸੀ, ਮਾਂ ਸ਼ਹਿਰ ਵਿਚ ਹਸਪਤਾਲ ਵਿਚ ਨਰਸਿੰਗ ਦੀ ਨੌਕਰੀ ਕਰਦੀ ਏ...ਬੰਦੀ ਇਥੇ ਨਾਨੀ ਕੋਲ ਰਹਿੰਦੀ ਏ...ਹਾਇਰ ਸੈਕੰਡਰੀ ਦੀ ਵਿਦਿਆਰਥੀ ਏ...ਤੁਹਾਨੂੰ ਮਿਲ ਕੇ ਬੜੀ ਖ਼ੁਸ਼ੀ ਹੋਈ ਏ, ਉਮੀਦ ਹੈ ਪਿੰਡ ਵਿਚ ਮਾਸਟਰ ਜੀ ਦਾ ਜੀ ਲੱਗ ਗਿਆ ਹੋਵੇਗਾ...ਨਹੀਂ ਲੱਗਾ ਤਾਂ ਹੌਲੇ ਹੌਲੇ ਲੱਗ ਜਾਏਗਾ। ਪਿੰਡ ਵਿਚ ਬੜੇ ਦਿਲਚਸਪ ਲੋਕ ਨੇ...ਅਮਲੀ ਜਗੀਰਾ ਏ, ਆਪਣੀ ਵਹੁਟੀ ਭਾਨੀ ਨੂੰ ਕਦੀ ਕਦੀ ਮਾਰਦਾ ਏ...ਪਰ ਪਿਆਰ ਵੀ ਕਰਦਾ ਏ, ਇਕ ਚਾਚਾ ਮੰਗ ਸਿੰਘ ਏ...ਨਿੱਕੇ ਉਹਨੂੰ ਚਾਚਾ ਆਖਦੇ ਨੇ...ਵੱਡੇ ਭਗਤ ਕਹਿੰਦੇ ਨੇ...ਠੇਕੇਦਾਰ ਈਸ਼ਰ ਸਿੰਘ ਦੇ ਸ਼ਰੀਕਾਂ ਵਿਚੋਂ ਏ...ਠੇਕੇਦਾਰ ਨੇ ਧੋਖੇ ਨਾਲ ਉਹਦੀ ਜ਼ਮੀਨ ਹਥਿਆ ਲਈ ਏ...ਇਸ ਲਈ ਠੇਕੇਦਾਰ ਨਾਲ ਦਿਲੋਂ ਨਫ਼ਰਤ ਕਰਦੈ...ਠੇਕੇਦਾਰ ਉਹਦੇ ਕੋਲੋਂ ਤੰਗ ਏ...ਉਹ ਚਾਹੁੰਦਾ ਏ ਕਿ ਭਗਤ ਜਲਦੀ ਮਰ ਜਾਏ, ਪਰ ਭਗਤ ਉਹਨੂੰ ਮਾਰ ਕੇ ਹੀ ਮਰੇਗਾ।

ਜਗਤਾਰ : ਹੋਰ ?

ਪਰਮਜੀਤ : ਹੋਰ ਬਿੰਦਰ ਏ...ਉਹ ਤੁਹਾਡਾ ਦੋਸਤ ਏ ਤੇ ਇਹ ਹੈ ਜਿਓਤੀ, ਇਹਦੇ ਬਾਰੇ ਕਹਿਣ ਦੀ ਲੋੜ ਨਹੀਂ...ਇਹ ਸਾਰੇ ਪਿੰਡ ਦੀ ਸਾਰਿਆਂ ਨਾਲੋਂ ਚੰਗੀ ਕੁੜੀ ਏ...ਸੇਵਾ ਕਰਨਾ ਇਸ ਦਾ ਧਰਮ ਏ।

ਜਿਓਤੀ : ਤੇ ਜੀਤੀ ਰਵੀ ਬਾਰੇ ਦੱਸਿਆ ਨਹੀਂ।

ਪਰਮਜੀਤ : ਹਾਂ ਸੌਰੀ...ਸਾਡੇ ਪਿੰਡ ਦੇ ਲਾਲੇ ਕਰਮਚੰਦ ਦਾ ਪੁੱਤਰ ਏ...ਇਨ੍ਹਾਂ ਦੀ ਹੁਣ ਪਿੰਡ ਦੇ ਬਾਹਰ ਕੋਠੀ ਏ...ਪਿੰਡ ਵਾਲਾ ਪੁਰਾਣਾ ਘਰ ਇਨ੍ਹਾਂ ਛੱਡ ਦਿੱਤਾ ਏ...ਕਿਉਂਕਿ ਸ਼ਰਾਬ ਦੇ ਠੇਕੇ ਲੈ ਕੇ, ਖਾਦ ਦੇ

ਡਿਪੂ ਲੈ ਕੇ, ਸੀਮਿੰਟ ਦੇ ਕੋਟੇ ਲੈ ਕੇ ਹੁਣ ਇਹ ਜ਼ਰੂਰਤ ਤੋਂ ਵੱਧ ਅਮੀਰ ਹੋ ਗਏ ਨੇ...ਠਾਣੇ ਵਿਚ, ਸਰਕਾਰੇ ਦਰਬਾਰੇ ਇਨ੍ਹਾਂ ਦੀ ਪਹੁੰਚ ਏ...ਇਸ ਗੱਲ ਵਿਚ ਠੇਕੇਦਾਰ ਈਸ਼ਰ ਸਿੰਘ ਇਨ੍ਹਾਂ ਦਾ ਪਾਰਟਨਰ ਏ...ਪਰ ਰਵੀ ਦੀ ਕੋਈ ਗੱਲ ਆਪਣੇ ਪਿਤਾ ਨਾਲ ਨਹੀਂ ਮਿਲਦੀ...ਕਵਿਤਾ ਬਹੁਤ ਚੰਗੀ ਲਿਖਦਾ ਏ...ਜਿਓਤੀ ਨੂੰ ਉਸ ਵਿਚ ਬੜੀ ਦਿਲਚਸਪੀ ਏ।

ਜਗਤਾਰ : ਉਸ ਵਿਚ ਕਿ ਉਹਦੀ ਕਵਿਤਾ ਵਿਚ।

ਪਰਮਜੀਤ : ਇਹ ਤਾਂ ਜਿਓਤੀ ਜਾਣੇ...ਕਿਉਂਕਿ ਰਵੀ ਜਦੋਂ ਕਵਿਤਾ ਸੁਣਾ ਰਿਹਾ ਹੋਵੇ ਤਾਂ ਜਿਓਤੀ ਦਾ ਚਿਹਰਾ ਵੇਖਣ ਵਾਲਾ ਹੁੰਦਾ ਏ।

ਜਗਤਾਰ : ਤੇ ਤੁਹਾਡੀ ਦਿਲਚਸਪੀ ਕਿਸ ਵਿਚ ਏ ?

ਪਰਮਜੀਤ : ਹਾਲੇ ਤਾਂ ਖ਼ਾਸ ਕਿਸੇ ਵਿਚ ਨਹੀਂ...ਤੁਸੀਂ ਆ ਗਏ ਹੋ, ਸ਼ਾਇਦ ਤੁਹਾਡੇ ਵਿਚ ਹੋ ਜਾਏ...(ਬਿੰਦਰ ਨੂੰ ਆਉਂਦਾ ਵੇਖ ਕੇ) ਇਕ ਗੱਲ ਆਖ ਦੇਵਾਂ ਕਿ ਬਿੰਦਰ ਵਿਚ ਮੇਰੀ ਕੋਈ ਦਿਲਚਸਪੀ ਨਹੀਂ, ਭਾਵੇਂ ਬਚਪਨ ਵਿਚ ਅਸੀਂ ਇਕੱਠੇ ਖੇਡਦੇ ਰਹੇ ਹਾਂ।

ਬਿੰਦਰ : ਪਰ ਮੇਰੀ ਦਿਲਚਸਪੀ ਜੀਤੀ ਵਿਚ ਹੈ...ਇਸ ਲਈ ਨਹੀਂ ਕਿ ਅਸੀਂ ਬਚਪਨ ਵਿਚ ਇਕੱਠੇ ਖੇਡਦੇ ਰਹੇ ਹਾਂ...ਸਗੋਂ ਇਸ ਲਈ ਕਿ ਇਹ ਦਿਲਚਸਪ ਕੁੜੀ ਏ ਤੇ ਕੋਈ ਵੀ ਇਸ ਦਾ ਨੋਟਿਸ ਲਏ ਬਿਨਾਂ ਨਹੀਂ ਰਹਿ ਸਕਦਾ।

ਜਗਤਾਰ : ਉਹ ਤਾਂ ਸਪੱਸ਼ਟ ਏ।

ਪਰਮਜੀਤ : ਸ਼ੁਕਰੀਆ।

*(ਬਾਹਰ ਚੱਲ ਪੈਂਦੀ ਹੈ।)*

ਜਿਓਤੀ : ਹੁਣ ਤੁਰ ਕਿਥੇ ਪਈ ਏਂ ?

ਪਰਮਜੀਤ : ਘਰ ਕੰਮ ਏ...ਅੱਜ ਛੁੱਟੀ ਏ, ਛੋਟੀ ਮਾਮੀ ਘਰ ਏ ਜੇ ਮੈਂ ਘਰ ਨਾ ਹੋਈ ਤਾਂ ਨਾਨੀ ਨੇ ਛੋਟੀ ਮਾਮੀ ਦੀ ਕਿਸੇ ਗੱਲ 'ਤੇ ਟਿੱਪਣੀ ਕਰ ਦੇਣੀ ਏਂ ਤੇ ਛੋਟੇ ਮਾਮੇ ਦੀ ਛੁੱਟੀ ਖਰਾਬ ਹੋ ਜਾਏਗੀ।

ਬਿੰਦਰ : ਉਹ ਕਿਵੇਂ ?

ਪਰਮਜੀਤ : ਮਾਮੀ ਦਾ ਮੂਡ ਖਰਾਬ ਹੋ ਜਾਏਗਾ ਤੇ ਮਾਮਾ ਵਿਚਾਰਾ...ਉਹ ਵੱਖ ਹੋਣ ਦੀ ਗੱਲ ਕਰੇਗਾ ਤੇ ਨਾਨੀ ਦਾ ਮੂਡ ਖਰਾਬ ਹੋ ਜਾਏਗਾ। ਉਸ ਵੇਲੇ ਘਰ ਵਿਚ ਵਾਤਾਵਰਨ ਠੀਕ ਕਰਨ ਲਈ ਮੇਰੀ ਲੋੜ ਹੋਵੇਗੀ...ਹਾਂ ਜਿਓਤੀ ਮਾਸਟਰ ਜੀ ਦੀ ਸੇਵਾ ਚੰਗੀ ਤਰ੍ਹਾਂ ਕਰੀਂ... ਚੰਗੇ ਬੰਦੇ ਲੱਗਦੇ ਨੇ ਤੇ ਬਿੰਦਰ ਇਹ ਪੱਕੀ ਗੱਲ ਏ ਕਿ ਅਸੀਂ ਸਟੇਜ 'ਤੇ ਕੋਈ ਡਰਾਮਾ ਨਹੀਂ ਹੋਣ ਦੇਣਾ, ਜਿਸ ਵਿਚ ਸਾਡਾ ਕੁੜੀਆਂ

ਦਾ ਪਾਰਟ ਨਾ ਹੋਵੇ।

*(ਜਾਂਦੀ ਹੈ। ਜਗਤਾਰ ਉਸ ਵੱਲ ਵੇਖੀ ਜਾਂਦਾ ਹੈ। ਬਿੰਦਰ ਖੰਘੂਰਾ ਮਾਰਦਾ ਹੈ।)*

ਜਗਤਾਰ : ਬੜੀ ਜਾਨਦਾਰ ਕੁੜੀ ਏ।

ਬਿੰਦਰ : ਉਹ ਤਾਂ ਹੈ।

## ਸੀਨ ਚਾਰ

(ਪਿੰਡ ਦੀ ਸੱਥ। ਸੂਬੇਦਾਰ ਬੈਠਾ ਥੜੇ 'ਤੇ ਅਖ਼ਬਾਰ ਪੜ੍ਹ ਰਿਹਾ ਹੈ। ਭਗਤ ਸਿੰਘ ਇਕ ਪਾਸੇ ਬੈਠਾ ਪੈਰ 'ਤੇ ਪੱਟੀ ਬੰਨ੍ਹ ਰਿਹਾ ਹੈ। ਠੇਕੇਦਾਰ ਈਸ਼ਰ ਸਿੰਘ ਆਉਂਦਾ ਹੈ। ਚਿੱਟੀ ਖੱਦਰ ਦੀ ਪੱਗ, ਲੀਡਰਾਂ ਵਾਲੀ ਵਾਸਕਟ।)

ਠੇਕੇਦਾਰ : ਲੈ ਬਈ ਸੂਬੇਦਾਰ...ਤੂੰ ਇਥੇ ਮਿਲ ਗਿਆ ਏਂ...ਤੇਰੇ ਨਾਲ ਇਕ ਸਲਾਹ ਕਰਨੀ ਏ।

ਸੂਬੇਦਾਰ : ਦੱਸ ਠੇਕੇਦਾਰਾ...ਅਸੀਂ ਤੇਰੇ ਕੋਲੋਂ ਕੋਈ ਬਾਹਰੇ ਆਂ ?

ਠੇਕੇਦਾਰ : ਇਸ ਦਫਾ ਮੇਰਾ ਵਿਚਾਰ ਏ ਕਿ ਪਿੰਡ ਵਿਚ ਗੁਰਪੁਰਬ ਬੜੀ ਧੂਮਧਾਮ ਨਾਲ ਮਨਾਇਆ ਜਾਏ।

ਸੂਬੇਦਾਰ : ਕਿਉਂ ਐਤਕੀਂ ਕੋਈ ਖ਼ਾਸ ਗੱਲ ਏ ?

ਭਗਤ : (ਲਾ ਕੇ) ਠੇਕੇਦਾਰ ਤੇ ਲਾਲ ਜੀ ਦਾ ਮੰਗਣਾ ਏਂ।

ਠੇਕੇਦਾਰ : ਤੂੰ ਚੁੱਪ ਰਹਿ ਓਏ।

ਭਗਤ : ਮੈਂ ਚੁੱਪ ਕਿ ? ਰਹਾਂ...ਲਾਲ ਜੀ ਨੇ ਮੈਨੂੰ ਵੱਟਾ ਵੀ ਮਾਰਿਆ ਏ ਤੇ ਮੇਰਾ ਝੱਗਾ ਵੀ ਪਾੜਿਆ ਏ।

ਸੂਬੇਦਾਰ : ਵੇਖ ਕਿੰਨਾ ਲਹੂ ਪਿਆ ਵਗਦੈ...ਠੇਕੇਦਾਰ ਤੂੰ ਆਪਣੇ ਲਾਲ ਜੀ ਨੂੰ ਸਮਝਾਉਂਦਾ ਕਿਉਂ ਨਹੀਂ ?

ਠੇਕੇਦਾਰ : ਇਹਨੇ ਜ਼ਰੂਰ ਉਹਨੂੰ ਕੁਝ ਕਿਹਾ ਹੋਣੈ।

ਭਗਤ : ਮੈਂ ਕੀ ਕਹਿਣਾ ਸੀ...ਪਿੰਡ ਦੀਆਂ ਕੁੜੀਆਂ ਪਈਆਂ ਲੰਘਦੀਆਂ ਸਨ। ਭੈੜੀ ਨਜ਼ਰ ਨਾਲ ਵੇਖਦਾ ਪਿਆ ਸੀ...ਮੈਂ ਕਿਹਾ, ਵੇਖਾਂ ਭੈਣਾਂ ਆਪਣੀਆਂ ਨੂੰ ਕਿਵੇਂ ਤਾੜਦਾ ਏ ਤੇ ਉਹਨੇ ਚੁੱਕ ਕੇ ਪਹਿਲੇ ਵੱਟਾ ਮਾਰਿਆ ਤੇ ਫੇਰ ਝੱਗਾ ਵੀ ਫਾੜ ਦਿੱਤਾ।

ਠੇਕੇਦਾਰ : ਅੱਛਾ ਨਵਾਂ ਸੁਆ ਦੇਵਾਂਗਾ...ਖੱਪ ਨਾ ਪਾ।

ਭਗਤ : ਮੈਂ ਨਹੀਂ ਲੈਂਦਾ ਤੇਰੇ ਕੋਲੋਂ ਝੱਗਾ...ਪਹਿਲੇ ਫਾੜਦੇ ਨੇ ਤੇ ਫੇਰ ਨਵਾਂ ਸੁਆ ਕੇ ਦੇਂਦੇ ਨੇ।

*(ਆਪਣਾ ਧਿਆਨ ਦੂਜੇ ਪਾਸੇ ਕਰ ਲੈਂਦਾ ਹੈ।)*

ਠੇਕੇਦਾਰ : ਤੇ ਸੂਬੇਦਾਰਾ ਮੇਰਾ ਵਿਚਾਰ ਏ ਕਿ ਗੁਰਪੁਰਬ ’ਤੇ ਇਲਾਕੇ ਦੇ ਐੱਮ. ਐੱਲ.ਏ.ਨੂੰ ਬੁਲਾਈਏ...ਉਹ ਅੱਗੋਂ ਸ਼ਾਇਦ ਕਿਸੇ ਵਜ਼ੀਰ ਨੂੰ ਨਾਲ ਲੈ ਆਵੇ, ਜੇ ਵਜ਼ੀਰ ਆ ਗਿਆ ਤਾਂ ਪਿੰਡ ਲਈ ਕੁਝ ਨਾ ਕੁਝ ਦੇ ਹੀ ਜਾਏਗਾ।

ਸੂਬੇਦਾਰ : ਮੁੰਡੇ ਗੁਰਦੁਆਰੇ ਇਕ ਕਮਰਾ ਪਾ ਕੇ ਲਾਇਬ੍ਰੇਰੀ ਖੋਲ੍ਹਣਾ ਚਾਹੁੰਦੇ ਨੇ...ਗੁਰਪੁਰਬ ’ਤੇ ਇਹ ਵੀ ਕੰਮ ਸ਼ੁਰੂ ਕਰ ਦੇਨੇ ਹਾਂ।

ਠੇਕੇਦਾਰ : ਗੁਰਦੁਆਰੇ ਲਾਇਬ੍ਰੇਰੀ ਕਿਉਂ ਖੋਲ੍ਹਣੀ ਏ...ਐਵੇਂ ਮੁੰਡੇ ਇਕੱਠੇ ਹੋਣਗੇ...ਬਹਿਸਾਂ ਕਰਨਗੇ, ਰੌਲਾ ਪਾਉਣਗੇ।

ਭਗਤ : ਤੇ ਤੂੰ ਜਦੋਂ ਸ਼ਰਾਬ ਪੀ ਕੇ ਗੁਰਦੁਆਰੇ ’ਚ ਗਾਲ੍ਹਾਂ ਕੱਢੀਆਂ ਸਨ, ਉਹ ਤਾਂ ਸੁਖਮਨੀ ਦਾ ਪਾਠ ਸੀ।

ਠੇਕੇਦਾਰ : ਤੂੰ ਵਿਚ ਨਾ ਬੋਲ...ਘਰ ਜਾ, ਭਾਬੀ ਆਪਣੀ ਕੋਲੋਂ ਲੱਸੀ ਪੀ ਲੈ।

ਭਗਤ : ਮੈਂ ਨਹੀਂ ਪੀਂਦਾ...ਪਹਿਲੇ ਮਾਰਦੇ ਨੇ...ਫੇਰ ਲੱਸੀਆਂ ਪਿਆਉਂਦੇ ਨੇ।

ਸੂਬੇਦਾਰ : ਈਸ਼ਰ ਸਿਆਂ, ਜੇ ਲਾਇਬ੍ਰੇਰੀ ਖੁੱਲ੍ਹ ਗਈ ਤਾਂ ਵਿਦਿਆ ਦਾ ਚਾਨਣ ਹੀ ਮਿਲੇਗਾ।

ਠੇਕੇਦਾਰ : ਮੁੰਡੇ ਦਾਂ ਸੂਬੇਦਾਰਾ ਪਹਿਲਾਂ ਹੀ ਵੱਡਿਆਂ ਦੀ ਪੱਗ ਲਾਹੁਣ ਨੂੰ ਫਿਰਦੇ ਨੇ।

ਭਗਤ : ਤੇ ਵੱਡਿਆਂ ਨੂੰ ਚਾਹੀਦਾ ਏ ਕਿ ਪਹਿਲੇ ਹੀ ਪੱਗ ਲਾਹ ਕੇ ਕੱਛ ਵਿਚ ਦੇ ਲੈਣ, ਫੇਰ ਕੋਈ ਕੀ ਲਾਹੇਗਾ ?

ਠੇਕੇਦਾਰ : ਤੂੰ ਚੁੱਪ ਕਰ ਓਏ, ਇਹ ਲੈ ਰੁਪਿਆ...ਜਾ ਕੇ ਗੁਪਤੇ ਕੋਲੋਂ ਪੱਟੀ ਕਰਵਾ ਲੈ।

ਭਗਤ : ਮੈਂ ਨਹੀਂ ਲੈਂਦਾ...ਪਹਿਲਾਂ ਵੱਟੇ ਮਾਰਦੇ ਨੇ ਤੇ ਫੇਰ ਪੱਟੀਆਂ ਕਰਵਾਉਂਦੇ ਨੇ।

*(ਸੂਬੇਦਾਰ ਅਖ਼ਬਾਰ ਸੰਭਾਲ ਕੇ ਤੁਰਨ ਲੱਗਦਾ ਹੈ।)*

ਠੇਕੇਦਾਰ : ਹੁਣ ਤੂੰ ਕਿਥੇ ਤੁਰ ਪਿਆ ਏਂ ਸੂਬੇਦਾਰਾ ?

ਸੂਬੇਦਾਰ : ਠੇਕੇਦਾਰਾ...ਇਹ ਤੇਰਾ ਮਹਿਕਮਾ ਏ ਜਾਂ ਲਾਲਾ ਕਰਮਚੰਦ ਦਾ, ਜਿਨ੍ਹਾਂ ਨੇ ਵਜ਼ੀਰਾਂ ਕੋਲੋਂ ਕੁਝ ਲੈਣਾ ਦੇਣਾ ਏ...ਸਾਡਾ ਇਸ ਵਿਚ ਕੀ ਕੰਮ ?

*(ਜਾਂਦਾ ਹੈ, ਠੇਕੇਦਾਰ ਢੀਠਾਂ ਵਾਂਗ ਥੋੜ੍ਹੇ ਗੁੱਸੇ ਵਿਚ ਮਾਰਦਾ ਹੈ।)*

ਭਗਤ : (ਤਾੜੀ ਮਾਰ ਕੇ) ਇਹਨੂੰ ਕਹਿੰਦੇ ਨੇ ਬਿਜ਼ਤੀ...ਪਰ ਬੇਸ਼ਰਮਾ ਨੂੰ ਕੀ ? ਉਨ੍ਹਾਂ ਦੇ ਥੱਲੇ ਤੇ ਅੱਕ ਉੱਗੇ ਤਾਂ ਉਹ ਕਹਿੰਦੇ ਨੇ ਕੋਈ ਨਹੀਂ ਛਾਵੇਂ ਬੈਠਾਂਗੇ।

ਠੇਕੇਦਾਰ : ਬਕਵਾਸ ਨਾ ਕਰਿਆ ਕਰ...ਆਖਿਆ ਜੋ ਭਾਬੀ ਕੋਲੋਂ ਜਾ ਕੇ ਲੱਸੀ ਪੀ ਆ ?

ਭਗਤ : ਲੱਸੀ ਤਾਂ ਮੈਂ ਤਾਈ ਦੇ ਘਰੋਂ ਪੀਵੂੰ ...ਪਰ ਮੂਤੂੰਗਾ ਤੇਰੀ ਕੰਧ ਓਹਲੇ... ਤੂੰ ਪਤੰਦਰ ਕੀ ਯਾਦ ਕਰੇਂਗਾ ?

*(ਬਾਹਰ ਨੂੰ ਦੌੜ ਜਾਂਦਾ ਹੈ। ਠੇਕੇਦਾਰ ਉਹਦੇ ਮਗਰ ਜਾਂਦਾ ਹੈ ਤੇ ਫੇਰ ਬੇਬਸੀ ਜਿਹੀ ਚਾਲ ਨਾਲ ਵਾਪਸ ਆ ਜਾਂਦਾ ਹੈ।)*

ਠੇਕੇਦਾਰ : (ਆਪਣੇ ਆਪ ਨਾਲ) ਭਗਤਾ ਤੇਰੇ ਨਾਲ ਤਾਂ ਮੈਂ ਚੰਗੀ ਤਰ੍ਹਾਂ ਨਿਬੜ ਲਵਾਂ...ਜੇ ਤੇਰੀ ਭਾਬੀ ਵਿਚ ਨਾ ਆਏ।

*(ਲਾਲਾ ਕਰਮਚੰਦ ਆਉਂਦਾ ਹੈ।)*

ਕਰਮਚੰਦ : ਕਿਉਂ ਠੇਕੇਦਾਰਾ ਤੂੰ ਇਥੇ ਖੜਾ ਏਂ..ਮੈਂ ਤੈਨੂੰ ਘਰ ਦੇਖ ਕੇ ਆਇਆ ਹਾਂ।

ਠੇਕੇਦਾਰ : ਕਿਉਂ ਕੋਈ ਖ਼ਾਸ ਗੱਲ ਸੀ ?

ਕਰਮਚੰਦ : ਤੈਨੂੰ ਨਾਲ ਲੈ ਕੇ ਐੱਮ.ਐੱਲ.ਏ.ਦੇ ਪਿੰਡ ਜਾਣਾ ਏ...ਮੈਂ ਡਰਾਈਵਰ ਨੂੰ ਜੀਪ ਲਿਆਉਣ ਲਈ ਕਿਹਾ ਏ।

ਠੇਕੇਦਾਰ : ਮੈਂ ਸੂਬੇਦਾਰ ਨਾਲ ਗੱਲ ਕੀਤੀ ਏ...ਉਹ ਕਹਿੰਦਾ ਏ ਮੁੰਡਿਆਂ ਨੂੰ ਵੀ ਨਾਲ ਲੈ ਲਈਏ, ਗੁਰਦੁਆਰੇ ਲਾਇਬ੍ਰੇਰੀ ਖੋਲ੍ਹ ਲਵਾਂਗੇ।

ਕਰਮਚੰਦ : ਨਹੀਂ ਮੁੰਡਿਆਂ ਨੂੰ ਨਾਲ ਨਹੀਂ ਲੈਣਾ...ਬਸ ਪਹਿਲੇ ਵਾਲੀ ਸਕੀਮ 'ਤੇ ਕੰਮ ਕਰਨਾ ਏ...ਰੌਣਕ ਵਜ਼ੀਰ ਦੇ ਆਉਣ 'ਤੇ ਆਪੇ ਹੋ ਜਾਏਗੀ।

ਠੇਕੇਦਾਰ : ਤੇ ਫੇਰ ਚੱਲੋ।

*(ਦੋਨੋਂ ਜਾਂਦੇ ਹਨ ਤੇ ਫੇਡ ਆਊਟ)*

## ਸੀਨ ਪੰਜਵਾਂ

(ਸੂਬੇਦਾਰ ਹਜ਼ਾਰਾ ਸਿੰਘ ਦਾ ਘਰ। ਜਗਤਾਰ, ਦੀਪਾ, ਬਿੰਦਰ, ਰਵੀ ਗੱਲਾਂ ਕਰ ਰਹੇ ਹਨ।)

ਜਗਤਾਰ : ਹੁਣ ਅਸੀਂ ਇਥੇ ਇਸ ਲਈ ਨਹੀਂ ਬੈਠੇ ਕਿ ਪਿੰਡ ਦੇ ਨਿੱਕੇ ਨਿੱਕੇ ਮਸਲੇ ਹੱਲ ਕਰੀਏ ਬਈ ਅਮਲੀ ਜਗੀਰਾ ਆਪਣੀ ਵਹੁਟੀ ਭਾਨੀ ਨੂੰ ਕਿਉਂ ਕੁੱਟਦਾ ਹੈ ਜਾਂ ਤਾਈ ਜਥੇਦਾਰਨੀ ਦੀ ਮਾਸਟਰਨੀ ਨੂੰਹ ਸਾਂਝੇ ਘਰ ਵਿਚ ਕਿਉਂ ਨਹੀਂ ਚੰਗੀ ਤਰ੍ਹਾਂ ਰਹਿ ਸਕਦੀ ਜਾਂ ਠੇਕੇਦਾਰ ਈਸ਼ਰ ਸਿੰਘ ਨੇ ਭਗਤ ਦੀ ਜ਼ਮੀਨ ਕਿਉਂ ਧੋਖੇ ਨਾਲ ਹਥਿਆਰ ਰੱਖੀ ਏ ਜਾਂ ਉਹਦੇ ਮੁੰਡੇ ਨੇ ਭਗਤ ਨੂੰ ਕਿਉਂ ਵੱਟਾ ਮਾਰਿਆ ? ਇਹ ਅਸੀਂ ਜਿਸ ਪ੍ਰਬੰਧ ਵਿਚ ਰਹਿ ਰਹੇ ਹਾਂ, ਉਹਦੀ ਦੇਣ ਹੈ ਅਤੇ ਅਸੀਂ ਇਸ ਪ੍ਰਬੰਧ ਨੂੰ, ਇਸ ਸਿਸਟਮ ਨੂੰ ਬਦਲਾਉਣ ਦਾ ਉਪਰਾਲਾ ਕਰਨਾ ਹੈ। ਸਮਾਜਕ ਇਨਸਾਫ਼ ਦੀ ਗੱਲ ਲੋਕਾਂ ਨੂੰ ਸਮਝਾਉਣੀ ਏ।

ਬਿੰਦਰ : ਪਰ ਇਹ ਉਪਰਾਲਾ ਤਾਂ ਹੀ ਹੋ ਸਕੇਗਾ, ਜੇ ਜਗੀਰਾ ਸਾਡੇ ਨਾਲ ਹੋਵੇਗਾ...ਭਾਨੀ ਦੀ ਸਾਡੇ ਨਿਸ਼ਾਨੇ ਵੱਲ ਹਮਦਰਦੀ ਹੋਵੇਗੀ... ਜ਼ਮੀਨ ਦਾ ਪ੍ਰਬੰਧ ਬਦਲੇਗਾ...ਠੇਕੇਦਾਰ ਈਸ਼ਰ ਸਿੰਘ ਦੇ ਵਿਰੁੱਧ ਇਕ ਸਾਂਝੀ ਆਵਾਜ਼ ਹੋਵੇਗੀ। ਉਹ ਤੇ ਲਾਲਾ ਕਰਮਚੰਦ ਪੈਸੇ ਦੇ ਜ਼ੋਰ ਨਾਲ ਸਰਕਾਰੀ ਅਮਲੇ ਨੂੰ ਭ੍ਰਿਸ਼ਟ ਕਰਕੇ ਪਿੰਡ ਵਿਚ ਆਪਹੁਦਰੀਆਂ ਨਹੀਂ ਕਰ ਸਕਣਗੇ...ਇਸ ਲਈ ਇਹ ਨਿੱਕੇ ਮਸਲੇ ਛੱਡੇ ਨਹੀਂ ਜਾ ਸਕਦੇ।

ਰਵੀ : ਮੈਂ ਬਿੰਦਰ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ...ਇਹ ਨਿੱਕੇ ਮਸਲੇ ਨਹੀਂ, ਪੈਸੇ ਨਾਲ ਕਿੰਝ ਗੋਂਦਾ ਗੁੰਦੀਆਂ ਜਾ ਸਕਦੀਆਂ ਹਨ, ਇਹਦਾ ਮੈਨੂੰ ਤੁਹਾਡੇ ਨਾਲੋਂ ਕੁਝ ਬਹੁਤਾ ਪਤਾ ਹੈ...ਮੈਂ ਘਰ ਵਿਚ ਬਹੁਤ ਸੁਣਦਾ ਅਤੇ ਦੇਖਦਾ ਹਾਂ।

ਜਗਤਾਰ : ਮੈਂ ਕਦੋਂ ਕਹਿਨਾ ਹਾਂ ਅਸੀਂ ਛੱਡੀਏ, ਪਰ ਮੈਂ ਇਹ ਵੀ ਨਹੀਂ ਚਾਹੁੰਦਾ ਕਿ ਅਸੀਂ ਇਨ੍ਹਾਂ ਵਿਚ ਹੀ ਉਲਝ ਜਾਈਏ ਅਤੇ ਆਪਣੀ ਸਾਰੀ ਸ਼ਕਤੀ ਜਾਇਆ ਕਰ ਦੇਈਏ।

ਦੀਪਾ : ਅੱਛਾ ਹੁਣ ਇਹ ਦੱਸੋ ਸਟੇਜ 'ਤੇ ਡਰਾਮਾ ਕਦੋਂ ਕਰਨਾ ਏ ਤੇ ਕਿਹੜਾ ਕਰਨਾ ਏ ?

ਬਿੰਦਰ : ਇਹਨੂੰ ਤਾਂ ਹਰ ਵੇਲੇ ਇਹੋ ਖ਼ਿਆਲ ਰਹਿੰਦਾ ਏ ਕਿ ਕੋਈ ਸ਼ੁਗਲ ਕਦੋਂ ਹੋਵੇਗਾ ?

ਦੀਪਾ : ਸ਼ੁਗਲ ਨਹੀਂ ਬਾਈ...ਪਿੰਡ ਦੇ ਲੋਕ ਇਕ ਥਾਂ ਇਕੱਠੇ ਹੋਣਗੇ, ਫੇਰ ਹੀ ਆਪਣੇ ਸਾਰੇ ਕੁਝ ਸੋਚਣਗੇ ਤੇ ਡਰਾਮੇ ਦੇ ਪ੍ਰੋਗਰਾਮੇ ਦੇ ਸਾਰੇ ਇਕੱਠੇ ਹੋਣਗੇ।

ਬਿੰਦਰ : ਪਹਿਲੇ ਤਾਂ ਇਹ ਫ਼ੈਸਲਾ ਕਰਨਾ ਏ ਕਿ ਪਹਿਲੀ ਵਾਰ ਜਦੋਂ ਕੋਈ ਪ੍ਰੋਗਰਾਮ ਕਰੀਏ ਕਿ ਉਸ ਵਿਚ ਇਕੱਲੇ ਮੁੰਡੇ ਹੀ ਹਿੱਸਾ ਲੈਣ ਕਿ ਕੁੜੀਆਂ ਵੀ ?

ਰਵੀ : ਇਸ ਵਿਚ ਫ਼ੈਸਲਾ ਕੀ ਲੈਣਾ ਏ, ਜਦੋਂ ਇਹ ਸਟੇਜ ਬਣਾਈ ਗਈ ਸੀ ਤਾਂ ਜਿਥੇ ਮੁੰਡਿਆਂ ਕੰਮ ਕੀਤਾ, ਕੁੜੀਆਂ ਨੇ ਵੀ ਕੀਤਾ...ਇਸ ਲਈ ਕੋਈ ਪ੍ਰੋਗਰਾਮ ਵੀ ਹੋਵੇ, ਇਸ ਵਿਚ ਮੁੰਡੇ ਕੁੜੀਆਂ ਦੋਨਾਂ ਦਾ ਹਿੱਸਾ ਲੈਣਾ ਬੜਾ ਜ਼ਰੂਰੀ ਏ।

ਜਗਤਾਰ : ਪਰ ਪਿੰਡ ਦੇ ਬਜ਼ੁਰਗਾਂ ਦਾ ਖ਼ਿਆਲ ਰੱਖਣਾ ਵੀ ਜ਼ਰੂਰੀ ਏ...ਹੌਲੀ ਹੌਲੀ ਉਹ ਭਾਵੇਂ ਸਮਝ ਜਾਣ, ਪਰ ਹਾਲੇ ਇਹ ਗੱਲ ਸਾਫ਼ ਏ ਕਿ ਉਹ ਪਸੰਦ ਨਹੀਂ ਕਰਨਗੇ।

ਬਿੰਦਰ : ਪਰ ਉਨ੍ਹਾਂ ਦੀ ਪਸੰਦ ਅਤੇ ਨਾ ਪਸੰਦ ਕਰਕੇ ਜ਼ਿੰਦਗੀ ਦੀ ਚਾਲ

ਤਾਂ ਨਹੀਂ ਰੋਕੀ ਜਾ ਸਕਦੀ। ਬਾਕੀ ਸਾਰੇ ਬਜ਼ੁਰਗ ਇਕੋ ਜਿਹੇ ਨਹੀਂ...ਬਜ਼ੁਰਗਾਂ ਵਾਲਾ ਫਰੰਟ ਬਾਪੂ ਆਪੇ ਸਾਂਭ ਲੈਣਗੇ।

ਦੀਪਾ : ਜੇਕਰ ਕੋਈ ਕਸਰ ਰਹਿ ਗਈ ਤਾਂ ਤਾਈ ਜਥੇਦਾਰਨੀ ਸੰਭਾਲ ਲਵੇਗੀ, ਬਹੁਤ ਸਾਰੇ ਬਜ਼ੁਰਗਾਂ ਦੇ ਜਵਾਨੀ ਦੇ ਵੇਲੇ ਕਾਰਨਾਮੇ ਤਾਈ ਦੇ ਪੋਟਿਆਂ ’ਤੇ ਨੇ...ਉਹਦੇ ਅੱਗੇ ਕੌਣ ਬੋਲ ਸਕਦਾ ਏ ?

ਜਗਤਾਰ : ਸਾਰਿਆਂ ਨਾਲੋਂ ਚੰਗੀ ਗੱਲ ਤਾਂ ਇਹ ਹੋਵੇਗੀ ਕਿ ਅਸੀਂ ਡਰਮਾ ਜਾਂ ਗੀਤ ਉਹ ਪ੍ਰੋਗਰਾਮ ਵਿਚ ਪੇਸ਼ ਕਰੀਏ, ਜੋ ਲੋਕਾਂ ਦੇ ਦੁਖ ਸੁਖ ਦੇ ਹੋਣ...ਉਨ੍ਹਾਂ ਦੇ ਹਾਵ ਭਾਵ ਨਾਟਕਾਂ ਅਤੇ ਗੀਤਾਂ ਵਿਚ ਪੇਸ਼ ਹੋਣ...ਫ਼ੇਰ ਭਾਵੇਂ ਕੁੜੀਆਂ ਮੁੰਡੇ ਇਕੱਠੇ ਭਾਗ ਲੈਣ ਕੋਈ ਇਤਰਾਜ਼ ਨਹੀਂ ਹੋਣ ਲੱਗਾ।

ਦੀਪਾ : ਪਰ ਇਹ ਗੀਤ ਖੁਸ਼ਕ ਵੀ ਨਾ ਹੋਣ...ਲੋਕਾਂ ਨੂੰ ਚੰਗੇ ਲੱਗਣ।ਉਨ੍ਹਾਂ ਵਿਚ ਮਨ ਪਰਚਾਵਾ ਵੀ ਹੋਵੇ।

ਬਿੰਦਰ : ਗਾਉਣ ਵਿਚ ਤਾਂ ਸਾਡੀ ਜੀਤੀ ਸਾਰਿਆਂ ਨਾਲੋਂ ਅੱਗੇ ਏ।

ਜਗਤਾਰ : ਫੇਰ ਤਾਂ ਚੰਗੀ ਗੱਲ ਏ...ਅਸੀਂ ਸ਼ੁਰੂਆਤ ਜੁਗਿੰਦਰ ਬਾਹਰਲੇ ਦੇ ਓਪਰੇਰਾ ‘ਹਾੜੀਆਂ ਸਾਉਣੀਆਂ’ ਤੋਂ ਸ਼ੁਰੂ ਕਰੀਏ।

ਦੀਪਾ : ਉਸ ਵਿਚ ਕੀ ਏ ?

ਜਗਤਾਰ : ਇਹ ਇਕ ਕਿਸਾਨ ਦੀ ਕਹਾਣੀ ਏ, ਜੋ ਮਿਹਨਤ ਨਾਲ ਹਾੜੀਆਂ ਤੇ ਸਾਉਣੀਆਂ ਦੀ ਫ਼ਸਲ ਪੈਦਾ ਕਰਦਾ ਏ, ਪਰ ਉਹਦੀ ਮਿਹਨਤ ਸ਼ਾਹੂਕਾਰਾਂ ਹੱਥੋਂ, ਜਗੀਰਦਾਰਾਂ ਹੱਥੋਂ ਲੁੱਟੀ ਜਾਂਦੀ ਏ।

ਬਿੰਦਰ : ਪਰ ਹੁਣ ਤਾਂ ਕਿਸਾਨੀ ਸ਼ਾਹੂਕਾਰਾਂ, ਜਗੀਰਦਾਰਾਂ ਨਾਲੋਂ ਸਰਕਾਰ ਹੱਥੋਂ ਵੱਧ ਲੁੱਟੀ ਜਾਂਦੀ ਹੈ।

ਜਗਤਾਰ : ਲੁੱਟ ਲੁੱਟ ਹੀ ਹੁੰਦੀ ਏ...ਭਾਵੇਂ ਜਗੀਰਦਾਰਾਂ ਅਤੇ ਸ਼ਾਹੂਕਾਰਾਂ ਵੱਲੋਂ ਹੋਵੇ...ਭਾਵੇਂ ਸਰਕਾਰ ਵੱਲੋਂ ਹੋਵੇ...ਅਸੀਂ ਤਾਂ ਲੁੱਟ ਵਿਰੁੱਧ ਲੋਕਾਂ ਨੂੰ ਜਾਗ੍ਰਿਤ ਕਰਨਾ ਹੈ...ਜਦੋਂ ਉਹ ਇਸ ਬਾਰੇ ਚੇਤਨ ਹੋ ਜਾਣਗੇ ਤਾਂ ਹੀ ਆਪਣੇ ਹੱਕਾਂ ਲਈ ਸੰਘਰਸ਼ ਕਰਨ ਦੇ ਯੋਗ ਹੋਣਗੇ ਤੇ ਇਹੀ ਸਾਡਾ ਨਿਸ਼ਾਨਾ ਏ।

ਦੀਪਾ : ਤੇ ਇਸ ਪ੍ਰੋਗਰਾਮ ਵਿਚ ਰਵੀ ਵੀ ਆਪਣਾ ਗੀਤ ਬੋਲੇਗਾ, ਉਹ ਸਾਈਕਲ ਵਾਲਾ (ਗੀਤ ਸੁਣਾਉਂਦਾ ਹੈ) ਮੰਜ਼ਿਲ ਤੁਰ ਕੇ ਆਏਗੀ ਸਾਡੇ ਕੋਲ...ਜਦੋਂ ਸ਼ੁਰੂ ਅਸੀਂ ਸਫ਼ਰ ਕਰਾਂਗੇ।

ਬਿੰਦਰ : ਲੈ ਪ੍ਰੋਗਰਾਮ ਵਿਚ ਸਾਈਕਲ ਲਿਆ ਵਾੜਿਆ।

ਦੀਪਾ : ਜਿਥੇ ਦੀਪਾ ਆਏਗਾ, ਸਾਈਕਲ ਤਾਂ ਆਏਗਾ ਹੀ, ਇਹ ਤਾਂ ਜਿਓਤੀ ਭੈਣ ਕੋਲੋਂ ਪੁੱਛ ਕੇ ਅਸੀਂ ਕੀ ਚੀਜ਼ ਹਾਂ ?

ਬਿੰਦਰ : ਅੱਛਾ ਫੂਕ ਨਾ ਲੈ...ਰਵੀ ਉਹ ਗੀਤ ਬੋਲੇਗਾ, ਜਿਹੜਾ ਉਹਨੇ ਕਾਲਜ ਵਿਚ ਬੋਲਿਆ ਸੀ।

ਦੀਪਾ : ਸਾਨੂੰ ਕੀ ਪਤੈ...ਅਸੀਂ ਕਿਹੜਾ ਕਾਲਜ ਜਾਂਦੇ ਹਾਂ।

ਜਗਤਾਰ : ਤੂੰ ਦੇਖਦਾ ਰਹੀਂ ਅਸੀਂ ਕਾਲਜ ਪਿੰਡ ਵਿਚ ਹੀ ਬਣਾ ਦੇਣਾ ਏ... ਡਰਾਮੇ ਦੀ ਤਿਆਰੀ ਸਕੂਲ ਵਿਚ ਕਰਾਂਗੇ।

ਦੀਪਾ : ਇਹਦੀ ਰੀਹਰਸਲ ਅੱਜ ਤੋਂ ਹੀ ਸ਼ੁਰੂ ਹੋ ਜਾਏ।

ਰਵੀ : ਅੱਜ ਤੋਂ ਕੀ ਹੁਣੇ ਹੀ ਸ਼ੁਰੂ ਕਰ ਦੇਨੇ ਹਾਂ।

ਬਿੰਦਰ : ਮੈਂ ਚੰਨਣ ਅਤੇ ਰਾਜਿੰਦਰ ਨੂੰ ਬਲਾ ਲਿਆਉਂਦਾ ਹਾਂ।

ਜਗਤਾਰ : ਇਥੇ ਨਹੀਂ...ਸਕੂਲੇ ਹੀ ਇਕੱਠੇ ਹੁੰਦੇ ਹਾਂ...ਤੁਸੀਂ ਉਨ੍ਹਾਂ ਨੂੰ ਬੁਲਾ ਕੇ ਲਿਆਓ, ਮੈਂ ਉੱਤੋਂ ਕਿਤਾਬ ਲੈ ਕੇ ਆਉਂਦਾ ਹਾਂ।

ਬਿੰਦਰ : ਹਾਂ...ਇਹ ਠੀਕ ਏ ਸਕੂਲੇ ਹੀ ਇਕੱਠੇ ਹੁੰਦੇ ਹਾਂ।

*(ਤਿੰਨੋਂ ਇਕ ਪਾਸੇ ਤੋਂ ਬਾਹਰ ਜਾਂਦੇ ਹਨ।ਜਗਤਾਰ ਦੂਜੇ ਪਾਸੇ ਤੋਂ ਬਾਹਰ ਜਾਂਦਾ ਹੈ। ਪਲ ਦੇ ਪਲ ਸਟੇਜ ਖ਼ਾਲੀ ਹੁੰਦੀ ਏ। ਜਿਓਤੀ ਭਗਤ ਨੂੰ ਲੈ ਕੇ ਆਉਂਦੀ ਹੈ।)*

ਜਿਓਤੀ : ਚਾਚਾ ਹੁਣ ਇਥੇ ਆਰਾਮ ਨਾਲ ਬੈਠ ਜਾ...ਮੈਂ ਚੰਗੀ ਤਰ੍ਹਾਂ ਪੱਟੀ ਕਰਦੀ ਹਾਂ...ਤੈਨੂੰ ਤਾਂ ਆਪਣਾ ਖ਼ਿਆਲ ਹੀ ਨਹੀਂ।

ਭਗਤ : ਮੈਂ ਕਿਸੇ ਦਿਨ ਉਸ ਨਾਲ ਚੰਗੀ ਤਰ੍ਹਾਂ ਨਿਬੜਾਂਗਾ।

*(ਬਹਿ ਜਾਂਦਾ ਹੈ ਤੇ ਲੱਤ ਉੱਚੀ ਕਰ ਲੈਂਦਾ ਹੈ। ਜਗਤਾਰ ਆਉਂਦਾ ਹੈ।)*

ਜਗਤਾਰ : ਕੀ ਹੋਇਆ ਚਾਚਾ ? ਕੀਹਦੇ ਨਾਲ ਨਿਬੜੇਂਗਾ ?

ਭਗਤ : ਉਸ ਪਤੰਦਰ ਨਾਲ...ਵੱਡਾ ਠੇਕੇਦਾਰ ਬਣਿਆ ਫਿਰਦਾ ਏ, ਟਾਊਟ ਕਿਸੇ ਥਾਂ ਦਾ।

(ਪੀੜ ਨਾਲ ਸੀ ਕਰਨ ਦਾ ਪ੍ਰਭਾਵ ਦੇਂਦਾ ਹੈ।)

ਜਗਤਾਰ : (ਕੋਲ ਬੈਠ ਕੇ) ਚਾਚਾ ਪਹਿਲੇ ਖ਼ਿਆਲ ਰੱਖਣਾ ਸੀ...ਵੇਖ ਜ਼ਖ਼ਮ ਕਿੰਨਾ ਡੂੰਘਾ ਹੋ ਗਿਆ ਏ।

*(ਜਿਓਤੀ ਸਪਿਰਟ ਦੀ ਸ਼ੀਸ਼ੀ ਰੂੰ ਆਦਿਕ ਲਿਆਉਂਦੀ ਏ। ਚਾਚੇ ਦੇ ਜ਼ਖ਼ਮ ਨੂੰ ਸਾਫ਼ ਕਰਦੀ ਏ ਤੇ ਫੇਰ ਮਰਹਮ ਲਗਾ ਕੇ ਪੱਟੀ ਬੰਨ੍ਹਦੀ ਏ।)*

ਜਿਓਤੀ : ਵੀਰ ਜੀ, ਤੁਹਾਨੂੰ ਪਤਾ ਏ ਠੇਕੇਦਾਰ ਈਸ਼ਰ ਸਿੰਘ ਨੇ ਚਾਚੇ ਦੀ ਜ਼ਮੀਨ ਉੱਤੇ ਨਜਾਇਜ਼ ਕਬਜ਼ਾ ਕੀਤਾ ਹੋਇਆ ਏ।

ਜਗਤਾਰ : ਸੁਣਿਆ ਤਾਂ ਏ...ਪਰ ਪੂਰੀ ਗੱਲ ਦਾ ਨਹੀਂ ਪਤਾ।

ਜਿਓਤੀ : ਚਾਚੇ ਦੇ ਬਾਪੂ ਕੋਲੋਂ ਉਹਦੇ ਮਰਨ ਵੇਲੇ ਠੇਕੇਦਾਰ ਨੇ ਕੋਈ ਗੂਠਾ

ਲਗਵਾ ਲਿਆ ਸੀ। ਚਾਚੇ ਨੂੰ ਤਾਂ ਪਤਾ ਹੀ ਉਸ ਵੇਲੇ ਲੱਗਾ, ਜਦੋਂ ਠੇਕੇਦਾਰ ਨੇ ਮੂੰਹ ਪਾੜ ਕੇ ਆਖ ਦਿੱਤਾ ਕਿ ਉਹ ਜ਼ਮੀਨ ਦਾ ਕੁਝ ਨਹੀਂ ਲੱਗਦਾ...ਚਾਚੇ ਦੀ ਬੀਬੀ ਪਹਿਲੇ ਹੀ ਅੱਖਾਂ ਮੀਟ ਗਈ ਸੀ ਤੇ ਚਾਚਾ ਇਕੱਲੇ ਦਾ ਇਕੱਲਾ।

ਭਗਤ : ਚਾਚਾ ਇਕੱਲਾ ਕਿਉਂ...ਪਿੰਡ ਦੇ ਸਾਰੇ ਮੁੰਡੇ ਕੁੜੀਆਂ ਚਾਚੇ ਦੇ ਭਤੀਜੇ ਭਤੀਜਿਆਂ ਚਾਚੇ ਦੇ ਨੇੜੇ ਨੇ।

ਜਗਤਾਰ : ਪਰ ਪਿੰਡ ਵਿਚ ਕਿਸੇ ਨੇ ਚਾਚੇ ਦੀ ਮਦਦ ਨਾ ਕੀਤੀ ?

ਜਿਓਤੀ : ਸਭ ਠੇਕੇਦਾਰ ਕੋਲੋਂ ਡਰਦੇ ਸਨ, ਕੌਣ ਦੁਸ਼ਮਣੀ ਲਵੇ ?

ਭਗਤ : ਪਰ ਮੈਂ ਨਹੀਂ ਡਰਦਾ...ਰੋਜ਼ ਠੇਕੇਦਾਰਨੀ ਨੂੰ ਇਕ ਵਾਰੀ ਆਖ ਕੇ ਆਉਂਦਾ ਹਾਂ ਕਿ ਉਹਦੇ ਲਗਦਿਆਂ ਨੂੰ ਇਸ ਦਾ ਮੁੱਲ ਚੁਕਾਉਣਾ ਪਵੇਗਾ।

ਜਿਓਤੀ : ਤੇ ਚਾਚਾ ਨਾਲੇ ਲੱਸੀ ਪੀ ਕੇ ਆਉਂਦਾ ਏ।

ਭਗਤ : ਉਹ ਸ਼ੋਹਦੀ ਨੇ ਮੈਨੂੰ ਮਾਵਾਂ ਵਾਂਗ ਪਾਲਿਆ ਏ, ਚੰਗੀਓ ਬਾਹਲੀ ਏ...ਠੇਕੇਦਾਰ ਦੇ ਬਿਲਕੁਲ ਉਲਟ...ਮਾਸਟਰ ਜੀ ਮੈਂ ਠੇਕੇਦਾਰ ਵਿਰੁੱਧ ਇਕ ਦਿਨ ਕਚਹਿਰੀ ਚੱਲਣਾ ਏ...ਤੁਸੀਂ ਮੇਰੀ ਮਦਦ ਕਰੋਗੇ ਨਾ ?

ਜਗਤਾਰ : ਜ਼ਰੂਰ।

ਭਗਤ : ਜੇ ਮੇਰੀ ਜ਼ਮੀਨ ਮੈਨੂੰ ਮਿਲ ਗਈ ਤਾਂ ਮੈਂ ਉਥੇ ਲਾਇਬ੍ਰੇਰੀ ਬਣਾ ਦੇਵਾਂਗਾ...ਠੇਕੇਦਾਰ ਗੁਰਦੁਆਰੇ ਨਹੀਂ ਬਣਾਉਣ ਦੇਂਦਾ ਤਾਂ ਨਾ ਬਣਾਉਣ ਦੇਵੇ ਤੇ ਉਹਦਾ ਨੀਂਹ ਪੱਥਰ ਕੋਈ ਵੱਡਾ ਵਜ਼ੀਰ ਨਹੀਂ ਰੱਖੇਗਾ, ਸਗੋਂ ਮੇਰੀ ਭਤੀਜੀ ਰੱਖੇਗੀ ਜਿਓਤੀ...ਜ਼ਖ਼ਮਾਂ 'ਤੇ ਮਲ੍ਹਮ ਲਾਉਣ ਵਾਲੀ ਤੇ ਮੈਂ ਠੇਕੇਦਾਰ ਦੇ ਘਰ ਅੱਗੇ ਬੜਕ ਮਾਰ ਕੇ ਆਖਾਂਗਾ...ਪਤੰਦਰਾ ਵੇਖ ਲੈ, ਆ ਕੇ ਜੋ ਫੱਟ ਲਾਉਣ ਵਾਲੇ ਰਾਕਸ਼ ਜੀਂਦੇ ਨੇ ਤਾਂ ਮਲ੍ਹਮ ਲਾਉਣ ਵਾਲੇ ਵੀ ਜੀਂਦੇ ਨੇ...ਜ਼ਿੰਦਾਬਾਦ ਮੇਰੇ ਭਤੀਜੇ ਤੇ ਭਤੀਜੀਆਂ।

*(ਚਾਚਾ ਖਲੋ ਜਾਂਦਾ ਹੈ।)*

ਜਗਤਾਰ : ਚਾਚਾ ਮੁਕੱਦਮਾ ਅਸੀਂ ਤੇਰੇ ਨਾਲ ਮਿਲ ਕੇ ਕਰਾਂਗੇ ਤੇ ਗਵਾਹੀ ਸਾਰਾ ਪਿੰਡ ਦੇਵੇਗਾ।

*(ਚਾਚਾ ਇਕ ਪਾਸੇ ਜਗਤਾਰ ਨੂੰ ਕਲਾਵੇ ਵਿਚ ਲੈ ਲੈਂਦਾ ਹੈ ਤੇ ਇਕ ਪਾਸੇ ਜਿਓਤੀ ਨੂੰ। ਇਕ ਵਿਸ਼ੇਸ਼ ਕੰਪੋਜੀਸ਼ਨ ਵਿਚ ਫੇਡ ਆਊਟ ਹੁੰਦਾ ਹੈ। ਪਿੱਛੋਂ ਆਵਾਜ਼)*

ਮਿਲ ਕੇ ਚੱਲੇ ਨੇ ਲੋਕ ਸਾਰੇ

ਹਰ ਮੁਸ਼ਕਿਲ ਸਰ ਕਰਨਗੇ
ਮੰਜ਼ਿਲ ਚੱਲ ਕੇ ਆਏਗੀ ਕੋਲ ਏਨ੍ਹਾਂ ਦੇ
ਮਿਲ ਕੇ ਜਦੋਂ ਸਫ਼ਰ ਕਰਨਗੇ

### ਸੀਨ ਛੇ

(ਲਾਲਾ ਕਰਮਚੰਦ ਦਾ ਘਰ...ਲਾਲਾ ਕਰਮਚੰਦ ਅਤੇ ਈਸ਼ਰ ਸਿੰਘ ਦੀ ਵਾਰਤਾਲਾਪ।)

ਕਰਮਚੰਦ : ਠੇਕੇਦਾਰ ਈਸ਼ਰ ਸਿੰਘ ਜੀ, ਰਾਤੀਂ ਜੋ ਹੋਇਆ ਤੁਸੀਂ ਸੁਣਿਐ ?

ਈਸ਼ਰ ਸਿੰਘ : ਸੁਣਿਆ ਵੀ ਤੇ ਦੇਖਿਆ ਵੀ...ਤੁਹਾਨੂੰ ਯਾਦ ਹੋਣੈ ਜਦੋਂ ਮੁੰਡੇ ਕੁੜੀਆਂ ਸਟੇਜ ਲਈ ਮਿੱਟਾਂ ਪੁੱਟ ਰਹੇ ਸਨ ਤਾਂ ਮੈਂ ਤੁਹਾਨੂੰ ਕਿਹਾ ਸੀ ਕਿ ਇਹ ਸਟੇਜ ਲਈ ਨਹੀਂ...ਸਾਡੀ ਕਬਰ ਲਈ ਮਿੱਟੀ ਪੁੱਟ ਰਹੇ ਨੇ।

ਕਰਮਚੰਦ : ਯਾਦ ਏ...ਬਿਲਕੁਲ ਯਾਦ ਏ ਤੇ ਇਹੀ ਕੁਝ ਰਾਤ ਵੇਖਿਆ...ਹਾੜੀਆਂ ਸਾਉਣੀਆਂ ਜਦੋਂ ਕਿਸਾਨਾਂ ਨੂੰ ਵਾਸਤਾ ਪਾਉਂਦੀਆਂ ਹਨ ਕਿ ਆ ਗਏ ਨੇ, ਆਦਮ ਬੋ ਤਾਂ ਮੁੰਡਿਆਂ ਨੇ ਆਦਮ ਬੋ ਦੀਆਂ ਮੁੱਛਾਂ ਜਾਣ ਬੁੱਝ ਕੇ ਮੇਰੀਆਂ ਮੁੱਛਾਂ ਵਰਗੀਆਂ ਬਣਾਈਆਂ...ਇਹ ਗੱਨ ਆਉਣ ਵਾਲੇ ਖ਼ਤਰੇ ਦੀ ਸੂਚਕ ਏ...ਇਹ ਮੁੰਡੇ ਹੁਣ ਸਾਡੇ ਕੰਮਾਂ ਵਿਚ ਖਲਲ ਪਾਉਣਗੇ।

ਠੇਕੇਦਾਰ : ਖ਼ਤਰਾ ਤਾਂ ਬੜਾ ਵੱਡਾ ਏ।

ਕਰਮਚੰਦ : ਇਹ ਖ਼ਤਰਾ ਸਿਰਫ਼ ਸਾਨੂੰ ਹੀ ਨਹੀਂ ਸਗੋਂ ਤੁਹਾਨੂੰ ਵੀ ਏ...ਸੁਣਿਆ ਏ ਉਹ ਭਗਤ ਦੀ ਜ਼ਮੀਨ ਵਾਲੀ ਗੱਲ ਵੀ ਕਚਹਿਰੀ ਲਿਜਾਣਾ ਚਾਹੁੰਦੇ ਨੇ।

ਠੇਕੇਦਾਰ : ਇਹ ਖ਼ਤਰਾ ਸਿਰਫ਼ ਤੁਹਾਨੂੰ ਸਾਨੂੰ ਨਹੀਂ...ਹੋਰਨਾਂ ਨੂੰ ਵੀ ਏ...ਹੁਣ ਥਾਣੇ ਦਾ ਮੁਨਸ਼ੀ ਸ਼ਿਕਾਇਤ ਕਰਦਾ ਸੀ ਕਿ ਸਾਡੇ ਪਿੰਡ ਕਦੇ ਕੋਈ ਥਾਣੇ ਹੀ ਨਹੀਂ ਵੜਿਆ...ਸਾਰੇ ਮਾਮਲੇ ਪਿੰਡ ਵਿਚ ਹੀ ਨਿਬੜ ਜਾਂਦੇ ਨੇ...ਮਾਸਟਰ ਜਗਤਾਰ ਬਾਹਰੋਂ ਆ ਕੇ ਪਿੰਡ ਦਾ ਆਗੂ ਬਣਦਾ ਜਾਂਦਾ ਏ...ਸਾਰੀ ਸਲਾਹ ਉਸੇ ਦੀ ਹੀ ਚੱਲਦੀ ਏ... ਉਹਦੀ ਬਦਲੀ ਤਾਂ ਮੈਂ ਜਲਦੀ ਕਰਵਾ ਦੇਣੀ ਏ।

ਕਰਮਚੰਦ : ਆਹੋ ਇਹ ਤਾਂ ਕਰਨਾ ਹੀ ਪੈਣਾ ਏ...ਬੁੱਕਲ ਵਿਚ ਸੱਪ ਥੋੜਾ ਪਲਣ ਥੋੜਾ ਪਲਣ ਦੇਣਾ ਏ...ਨਹਿਰੀ ਪਟਵਾਰੀ ਵੀ ਸ਼ਕਾਇਤ ਕਰਦਾ ਸੀ...ਉਹਦੇ ਅਫ਼ਸਰ ਉਹਦੇ ਕੋਲੋਂ ਕੋਟਾ ਮੰਗਦੇ ਨੇ...ਉਹਨੂੰ ਕੁਝ ਆਪ ਉਗਰਾਹੀ ਹੋਵੇ ਤਾਂ ਉਤਲਿਆਂ ਨੂੰ ਦੇਵੇ।

ਠੇਕੇਦਾਰ : ਇਹਦੇ ਵਿਚ ਕੀ ਝੂਠ ਏ।

ਕਰਮਚੰਦ : ਇਹ ਦੱਸੋ ਮੁੰਡਿਆਂ ਨੇ ਮਿੱਟੀ ਪਾ ਕੇ ਉਹ ਥੜਾ ਜਿਹਾ ਬਣਾਇਆ ਏ, ਉਹ ਥਾਂ ਕੀਹਦੀ ਏ ?

ਠੇਕੇਦਾਰ : ਥਾਂ ਸ਼ਾਮਲਾਟ ਵਿਚ ਹੀ ਆਉਂਦੀ ਏ।

ਕਰਮਚੰਦ : ਤੁਹਾਨੂੰ ਕਿੰਝ ਪਤਾ ਏ ?

ਠੇਕੇਦਾਰ : ਕਾਗਜ਼ਾਂ ਵਿਚ ਕਹਿੰਦੇ ਨੇ ਇਸੇ ਤਰ੍ਹਾਂ ਹੀ ਏ।

ਕਰਮਚੰਦ : ਕਾਗ਼ਜ਼ ਕੌਣ ਲਿਖਦਾ ਏ ?

ਠੇਕੇਦਾਰ : ਸਰਕਾਰ ਲਿਖਦੀ ਏ।

ਕਰਮਚੰਦ : ਸਰਕਾਰ ਕੀਹਦੀ ਏ...ਤੁਹਾਡੀ, ਲਿਖਣ ਵਾਲੇ ਕੌਣ ਨੇ। ਸਰਕਾਰੀ ਬੰਦੇ ਤੇ ਸਰਕਾਰੀ ਬੰਦੇ ਕਾਗ਼ਜ਼ ਲਿਖਦੇ ਨੇ ਪੈਸੇ ਨਾਲ।

ਠੇਕੇਦਾਰ : ਇਸ ਮਾਮਲੇ ਵਿਚ ਤੁਸੀਂ ਮੇਰੇ ਨਾਲੋਂ ਵੱਧ ਸਿਆਣੇ ਹੋ।

ਕਰਮਚੰਦ : ਤੁਸੀਂ ਨਿੱਕਾ ਜਿਹਾ ਕੰਮ ਕਰੋ...ਇਹ ਜ਼ਮੀਨ ਕਿਸੇ ਇਕ ਦੇ ਨਾਂ ਹੋ ਜਾਵੇ।

ਠੇਕੇਦਾਰ : ਕਿਸੇ ਇਕ ਦੇ ਨਾਂ ?

ਕਰਮਚੰਦ : ਚਲੋ ਭਾਨ ਸਿੰਘ ਤੁਹਾਡਾ ਖ਼ਾਸ ਬੰਦਾ ਏ...ਉਹਦੇ ਨਾਂ ਹੀ ਹੋ ਜਾਵੇ... ਅੱਗੇ ਕਿਹੜਾ ਹੋਰ ਨਹੀਂ ਹੋਈਆਂ...ਇਕ ਇਹ ਵੀ ਸਹੀ...ਉਸ ਨੂੰ ਪੁਲਿਸ ਕਬਜ਼ਾ ਦਵਾਏ...ਮੁੰਡੇ ਕਬਜ਼ੇ ਨੂੰ ਰੋਕਣਗੇ, ਝਗੜਾ ਵਧੇਗਾ। ਫੜੋ ਫੜਾਈ ਹੋਵੇਗੀ...ਥਾਣੇ ਦੇ ਮੁਨਸ਼ੀ ਦੀ ਸ਼ਕਾਇਤ ਵੀ ਹਟ ਜਾਏਗੀ ਤੇ ਇਹ ਕਰਨਾ ਏ ਤੁਸੀਂ...ਪੈਸੇ ਜਿੰਨੇ ਵੀ ਲੋੜ ਹੋਵੇ, ਮੇਰੇ ਕੋਲੋਂ ਲੈਣਾ।

ਠੇਕੇਦਾਰ : ਤੁਸੀਂ ਫ਼ਿਕਰ ਹੀ ਨਾ ਕਰੋ...ਇਹ ਕੰਮ ਮੇਰੇ ਜ਼ਿੰਮੇ, ਬਸ ਤੁਹਾਡਾ ਅਸ਼ੀਰਵਾਦ ਚਾਹੀਦਾ ਸੀ (ਜਾਣ ਲਈ ਉੱਠਦਾ ਹੈ। ਜਾਂਦਾ ਜਾਂਦਾ) ਅਖੇ ਭਗਤ ਦਾ ਮੁਕੱਦਮਾ ਲੜਾਂਗੇ, ਪਹਿਲੇ ਸਾਲਿਓ ਆਪਣਾ ਤਾਂ ਮੁਕੱਦਮਾ ਲੜੋ।

*(ਰਵੀ ਆਉਂਦਾ ਹੈ। ਉਹਦੀਆਂ ਅੱਖਾਂ ਠੇਕੇਦਾਰ ਨਾਲ ਮਿਲਦੀਆਂ ਹਨ। ਠੇਕੇਦਾਰ ਚੋਰਾਂ ਵਾਂਗ ਦੇਖਦਾ ਜਾਂਦਾ ਹੈ।)*

ਕਰਮਚੰਦ : ਰਵੀ ਮੇਰੀ ਗੱਲ ਸੁਣ।

ਰਵੀ : ਕੀ ਏ ਪਿਤਾ ਜੀ ?

ਕਰਮਚੰਦ : ਮੈਨੂੰ ਤੇਰਾ ਉਨ੍ਹਾਂ ਮੁੰਡਿਆਂ ਨਾਲ ਮੇਲ ਜੋਲ ਚੰਗਾ ਨਹੀਂ ਲੱਗਦਾ।

ਰਵੀ : ਤੇ ਪਿਤਾ ਜੀ, ਮੈਨੂੰ ਤੁਹਾਡਾ ਇਸ ਬੰਦੇ ਨਾਲ ਮੇਲ ਜੋਲ ਚੰਗਾ ਨਹੀਂ ਲੱਗਦਾ।

ਕਰਮਚੰਦ : ਕੀ ਮਤਲਬ ?

ਰਵੀ : ਮਤਲਬ ਇਹ ਕਿ ਇਹ ਬੰਦਾ ਚੰਗਾ ਨਹੀਂ।

ਕਰਮਚੰਦ : ਮੈਨੂੰ ਵੀ ਪਤਾ ਏ, ਇਹ ਬੰਦਾ ਚੰਗਾ ਨਹੀਂ...ਪਰ ਇਹੋ ਜਿਹੇ ਬੰਦੇ ਦੀ ਵਪਾਰ ਵਿਚ ਲੋੜ ਹੁੰਦੀ ਏ।

ਰਵੀ : ਮੈਨੂੰ ਤੁਹਾਡੇ ਵਪਾਰ ਵਿਚ ਕੋਈ ਦਿਲਚਸਪੀ ਨਹੀਂ।

ਕਰਮਚੰਦ : ਤੇ ਮੈਨੂੰ ਤੇਰੀ ਉਸ ਕੜੀ ਕਵਿਤਾ ਵਿਚ ਕੋਈ ਦਿਲਚਸਪੀ ਨਹੀਂ... ਤੈਨੂੰ ਪਤਾ ਏ, ਜਿਸ ਜਲਸੇ ਵਿਚ ਤੂੰ ਕਵਿਤਾ ਪੜ੍ਹ ਰਿਹਾ ਸੀ, ਉਥੇ ਡਰਾਮੇ ਵਿਚ ਮੇਰਾ ਕੀ ਮਖ਼ੌਲ ਉਡਾਇਆ ਜਾ ਰਿਹਾ ਸੀ ? ਆਦਮ ਬੋ ਦੀਆਂ ਮੁੱਛਾਂ ਜਾਣ ਬੁੱਝ ਕੇ ਮੇਰੀਆਂ ਮੁੱਛਾਂ ਵਰਗੀਆਂ ਬਣਾਈਆਂ ਗਈਆਂ।

ਰਵੀ : ਤੁਸੀਂ ਪਿਤਾ ਜੀ ਆਪਣੀਆਂ ਮੁੱਛਾਂ ਬਦਲ ਲਵੋ...ਵਧਾ ਲਵੋ ਜਾਂ ਘਟਾ ਲਵੋ...ਇਹਦੇ ਵਿਚ ਤਾਂ ਕੋਈ ਖ਼ਾਸ ਮਿਹਨਤ ਨਹੀਂ ਲੱਗਦੀ।

ਕਰਮਚੰਦ : ਓਏ ਕਦੀ ਮੁੱਛਾਂ ਵੀ ਬਦਲ ਸਕਦੀਆਂ ਨੇ।

ਰਵੀ : (ਹੌਲੇ ਜਹੇ) ਇਹ ਕਵੋ ਕਿ ਕਦੀ ਆਦਤਾਂ ਵੀ ਬਦਲ ਸਕਦੀਆਂ ਨੇ।

ਕਰਮਚੰਦ : ਕੀ ਕਿਹਾ ?

ਰਵੀ : ਕੁਝ ਵੀ ਨਹੀਂ, ਬਸ ਏਨਾ ਹੀ ਕਹਿਣਾ ਏ ਕਿ ਨਾਟਕ ਕਲਾ ਵਿਚ ਖਲਨਾਇਕ ਦੀ ਮੇਕਅੱਪ ਹਮੇਸ਼ਾ ਇਸੇ ਤਰ੍ਹਾਂ ਕੀਤੀ ਜਾਂਦੀ ਏ।

ਕਰਮਚੰਦ : ਤਾਂ ਮੈਂ ਖਲਨਾਇਕ ਹਾਂ...ਹਾਂ, ਮੈਂ ਖਲਨਾਇਕ ਹਾਂ, ਜੇ ਇਸ ਤਰ੍ਹਾਂ ਹੀ ਹੈ ਤਾਂ ਫੇਰ ਮੈਂ ਖਲਨਾਇਕ ਬਣ ਕੇ ਦਿਖਾਵਾਂਗਾ।

*(ਫਰੀਜ਼ ਹੋ ਜਾਂਦਾ ਹੈ ਤੇ ਫੇਡ ਆਊਟ ਹੁੰਦਾ ਹੈ।)*

## ਸੀਨ ਸਤਵਾਂ

*(ਤਾਈ ਜਥੇਦਾਰਨੀ ਦਾ ਘਰ।)*

ਗਜਿੰਦਰ : ਮਾਂ ਮੈਨੂੰ ਇਹ ਜੀਤੀ ਦਾ ਸੂਬੇਦਾਰ ਦੇ ਘਰ ਜਾਣਾ ਠੀਕ ਨਹੀਂ ਲੱਗਦਾ।

ਤਾਈ : ਕੀ ਠੀਕ ਨਹੀਂ ਲੱਗਦਾ...ਉਹ ਕੋਈ ਅੱਜ ਦੀ ਜਾਂਦੀ ਏ ? ਬਚਪਨ ਤੋਂ ਉਹਦਾ ਇਕ ਪੈਰ ਆਪਣੇ ਘਰ ਹੁੰਦਾ ਸੀ ਤੇ ਦੂਜਾ ਸੂਬੇਦਾਰ ਦੇ ਘਰ, ਬਿੰਦਰ ਜਿਓਤੀ ਉਹਦੇ ਕੋਲੋਂ ਅੱਡ ਨਹੀਂ ਤੇ ਨਾਲੇ ਤੂੰ ਵੀ।

ਗਜਿੰਦਰ : ਬਿੰਦਰ ਤੇ ਜਿਓਤੀ ਦੀ ਹੋਰ ਗੱਲ ਏ...ਉਨ੍ਹਾਂ ਦੇ ਘਰ ਮਾਸਟਰ ਜਗਤਾਰ ਵੀ ਏ।

ਤਾਈ : ਆਹੋ ਹੈਗਾ ਏ ਫੇਰ ?

ਗਜਿੰਦਰ : ਇਹ ਉਹਨੂੰ ਵੀ ਮਿਲਦੀ ਏ।

ਤਾਈ : ਮਿਲਦੀ ਏ ਤਾਂ ਚੰਗਾ ਕਰਦੀ ਏ, ਕੁਝ ਕੰਮ ਦੀ ਗੱਲ ਹੀ ਸਿੱਖੇਗੀ।

ਉਹ ਪੜ੍ਹਨ ਲਿਖਣ ਵਾਲਾ ਬੰਦਾ ਏ ਤੇ ਉਹਨੇ ਪੜ੍ਹ ਲਿਖ ਕੇ ਤੇਰੇ ਵਾਂਗ ਗਵਾਇਆ ਨਹੀਂ।

ਗਜਿੰਦਰ : ਮਾਂ ਤੂੰ ਹਰ ਗੱਲ ਪਰਤਾ ਕੇ ਮੇਰੇ ਉੱਤੇ ਹੀ ਲੈ ਆਉਂਦੀ ਏ...ਬਸ ਮੈਂ ਕਹਿ ਦਿੱਤਾ ਏ ਕਿ ਮੈਨੂੰ ਮਾਸਟਰ ਜਗਤਾਰ ਨਾਲ ਉਹਦਾ ਮਿਲਣਾ ਜੁਲਣਾ ਪਸੰਦ ਨਹੀਂ।

ਤਾਈ : ਤੇ ਮੈਨੂੰ ਤੇਰਾ ਉਸ ਠੇਕੇਦਾਰ ਨਾਲ ਮਿਲਣਾ ਪਸੰਦ ਨਹੀਂ...ਮੈਨੂੰ ਪਤਾ ਲੱਗਾ ਏ, ਉਹਨੇ ਤੇਰੀ ਬਦਲੀ ਪਿੰਡ ਦੇ ਸਕੂਲ ਕਰਵਾਉਣ ਦਾ ਲਾਰਾ ਦਿੱਤਾ ਏ।

ਗਜਿੰਦਰ : ਉਹਨੇ ਲਾਰਾ ਕਾਹਦਾ ਦੇਣਾ ਏ, ਮੈਂ ਹੀ ਉਨ੍ਹਾਂ ਨੂੰ ਆਖਿਆ ਸੀ ਕਿ ਮੇਰੀ ਮਦਦ ਕਰੋ, ਉਹਦੀ ਸਰਕਾਰੇ ਦਰਬਾਰੇ ਪੁੱਗਦੀ ਏ।

ਤਾਈ : ਤੇ ਇਹ ਨਾ ਭੁੱਲ ਕਿ ਇਹੋ ਠੇਕੇਦਾਰ ਸੀ, ਜਿਨ੍ਹੇ ਪਿਛਲੇ ਮੋਰਚੇ ਵਿਚ ਤੇਰੇ ਬਾਪੂ ਦੀ ਮੁਖਬਰੀ ਕੀਤੀ ਸੀ।

ਗਜਿੰਦਰ : ਮੁਖਬਰੀ ਕਾਹਦੀ ਕੀਤੀ ਸੀ...ਸਾਰਾ ਪਿੰਡ ਜਾਣਦਾ ਸੀ ਕਿ ਬਾਪੂ ਮੋਰਚੇ ਵਾਲਿਆਂ ਦੇ ਨਾਲ ਏ।

ਤਾਈ : ਤੇ ਠੇਕੇਦਾਰ ਮੋਰਚੇ ਦੇ ਵਿਰੁੱਧ ਸੀ।

ਗਜਿੰਦਰ : ਆਹੋ।

ਤਾਈ : ਤੇਰੇ ਬਾਪੂ ਤੇ ਠੇਕੇਦਾਰ ਦੀ ਆਪਸੀ ਵਿਰੋਧਤਾ ਸੀ ਤੇ ਇਹ ਵਿਰੋਧਤਾ ਤੇਰੇ ਬਾਪੂ ਦੇ ਮਰਨ ਤਕ ਕਾਇਮ ਰਹੀ ਤੇ ਉਸੇ ਠੇਕੇਦਾਰ ਕੋਲ ਬਦਲੀ ਦੀ ਸਿਫਾਰਸ਼ ਪਵਾ ਕੇ ਬਾਪੂ ਦਾ ਨਾਂ ਬੜਾ ਰੌਸ਼ਨ ਪਿਆ ਕਰਦਾ ਏ।

ਗਜਿੰਦਰ : (ਚੁੱਪ)।

ਤਾਈ : ਦੇਖ ਗਜਿੰਦਰ ਤੂੰ ਨਿੱਕਾ ਜਿਹਾ ਹੁੰਦਾ ਸੀ...ਬਾਪੂ ਤੇਰੇ ਦੇ ਸਾਥੀ ਆਉਂਦੇ ਸਨ। ਮੈਂ ਚਾਹ ਦਾ ਪਤੀਲਾ ਧਰਦੀ ਸਾਂ ਤਾਂ ਤੂੰ ਉਨ੍ਹਾਂ ਨੂੰ ਚਾਹ ਪਿਆਉਂਦਾ ਸੀ...ਤੇਰਾ ਬਾਪੂ ਕਹਿੰਦਾ ਹੁੰਦਾ ਸੀ, ਇਹ ਸਾਡਾ ਗਜੂ ਪੁੱਤਰ ਪਿੰਡ ਲਈ ਉਹ ਕੁਝ ਕਰੇਗਾ, ਜਿਹੜਾ ਮੈਂ ਨਹੀਂ ਕਰ ਸਕਿਆ। ਇਸੇ ਲਈ ਜਦੋਂ ਤੇਰਾ ਵੱਡਾ ਵੀਰ ਪੜ੍ਹ ਨਾ ਸਕਿਆ ਤਾਂ ਤੇਰੇ ਬਾਪੂ ਨੇ ਤੇਰੇ ’ਤੇ ਆਸਾਂ ਲਾਈਆਂ, ਪਰ ਉਹਨੂੰ ਕੀ ਪਤਾ ਸੀ, ਜੋ ਬਾਪੂ ਦਾ ਪਿਆਰਾ ਗਜੂ, ਗਜੂ ਮਾਸਟਰ ਹੋ ਕੇ ਨਿਬੜੇਗਾ (ਕਦਮਾਂ ਦੀ ਆਵਾਜ਼) ਓਹ ਨੂੰਹ ਰਾਣੀ ਆ ਗਈ ਏ...ਬਹਿ ਜਾ ਕੇ ਉਹਦੀ ਕੁੱਛੜ...ਇਥੇ ਖਲੋਤਾ ਤਾਂ ਫੇਰ ਆਖੇਗੀ ਕਿ ਮਾਂ ਪਈ ਸਿਖਾਉਂਦੀ ਸੀ...ਬਾਕੀ ਸੁਣ ਲੈ ਮੈਂ ਪੰਚੈਤ ਕੱਠੀ ਕਰਾਂਗੀ। ਸਾਰਾ ਪਿੰਡ ਕੱਠਾ ਹੋਵੇਗਾ...ਅਸੀਂ ਮਾਸਟਰ ਜਗਤਾਰ ਦੀ ਬਦਲੀ ਨਹੀਂ

ਹੋਣ ਦੇਣੀ ਇਥੋਂ...ਬੰਦੇ ਦਾ ਅਸੂਲ ਵੀ ਹੁੰਦਾ ਏ।

ਗਜਿੰਦਰ : ਦੇਖ ਲਵਾਂਗਾ।

*(ਗਜਿੰਦਰ ਜਾਂਦਾ ਹੈ। ਜੀਤੀ ਸਾਹਮਣੇ ਤੋਂ ਮਿਲਦੀ ਹੈ।)*

ਪਰਮਜੀਤ : ਬੇਬੇ ਮਾਮਾ ਜੀ ਨੂੰ ਕੀ ਹੋਇਆ ਏ।

ਤਾਈ : ਆਪਣੀ ਮਾਮੀ ਕੋਲੋਂ ਜਾ ਕੇ ਪੁੱਛ।

ਪਰਮਜੀਤ : ਬੇਬੇ...ਮਾਮੀ ਦੀ ਗੱਲ ਨਾ ਕਰਿਆ ਕਰ...ਉਹ ਤਾਂ ਕੁਝ ਨਹੀਂ ਕਹਿੰਦੀ।

ਤਾਈ : ਨਾ ਹੋਰ ਕੌਣ ਕਹਿੰਦਾ, ਵੱਡੀ ਆਈ ਮਾਮੀ ਦੀ ਵਕੀਲਣੀ।

ਪਰਮਜੀਤ : ਮਾਮੀ ਤਾਂ ਸਿਰਫ਼ ਕਹਿੰਦੀ ਏ, ਹਰ ਇਕ ਬੰਦੇ ਨੂੰ ਆਪਣੀ ਰੌਂਅ ਵਿਚ ਜੀਣਾ ਚਾਹੀਦਾ ਏ..ਮਾਮੀ ਆਪਣਾ ਨਿੱਕਾ ਜਿਹਾ ਵੱਖਰਾ ਘਰ ਬਣਾਉਣਾ ਚਾਹੁੰਦੀ ਏ...ਜਿਥੇ ਉਹ ਆਪਣੀ ਮਰਜ਼ੀ ਨਾਲ ਰਹਿ ਸਕੇ...ਆਪਣੇ ਚਾਵਾਂ ਅਨੁਸਾਰ ਜੀ ਸਕੇ।

ਤਾਈ : ਫੇਰ ਚਲੀ ਜਾਏ ਬਣਾ ਲਵੇ ਵੱਖਰੀ ਕੋਠੀ...ਪਰ ਮੈਂ ਜੀਊਂਦੇ ਜੀ ਨਾ ਜ਼ਮੀਨ ਵੰਡਣੀ ਏ ਤੇ ਨਾ ਘਰ ਵੰਡਣਾ ਏ।

ਪਰਮਜੀਤ : ਮਾਮੀ ਇਸ ਘਰ ਵਿਚੋਂ ਕੁਝ ਨਹੀਂ ਲੈਣਾ ਚਾਹੁੰਦੀ...ਕੋਈ ਹਿੱਸਾ ਵੀ ਨਹੀਂ ਲੈਣਾ ਚਾਹੁੰਦੀ। ਉਹ ਬੜੇ ਪਿਆਰ ਅਤੇ ਸਤਿਕਾਰ ਨਾਲ ਇਥੋਂ ਜਾਣਾ ਚਾਹੁੰਦੀ ਏ...ਇਹ ਤਾਂ ਮਾਮਾ ਨਹੀਂ ਛੱਡਣਾ ਚਾਹੁੰਦਾ... ਉਹੀ ਸੋਚਦਾ ਏ ਕਿ ਇਕ ਵਾਰੀ ਉਹ ਇਥੋਂ ਚਲਿਆ ਗਿਆ ਤਾਂ ਫੇਰ ਉਹ ਬਾਪੂ ਜੀ ਦੀ ਜਾਇਦਾਦ ਦਾ ਹੱਕਦਾਰ ਨਹੀਂ ਹੋਵੇਗਾ... ਮਾਮੀ ਤਾਂ ਹਰ ਕੰਮ ਬੜੀ ਸੁਲਾਹ ਸਫ਼ਾਈ ਨਾਲ ਕਰਨਾ ਚਾਹੁੰਦੀ ਏ, ਤੂੰ ਦੱਸ ਨਾਨੀ ਮਾਮੀ ਕਦੀ ਤੇਰੇ ਨਾਲ ਘੱਟ ਵੱਧ ਬੋਲੀ ਏ ?

ਤਾਈ : ਉਹ ਤਾਂ ਨਹੀਂ ਬੋਲੀ, ਪਰ ਉਹਦਾ ਸਿੱਖਿਆ ਸਿਖਾਇਟਾ ਗਜੂ ਜੋ ਬੋਲਦਾ ਏ।

ਪਰਮਜੀਤ : ਨਾਨੀ ਇਹੋ ਤਾਂ ਸਾਰੀ ਗੱਲ ਏ, ਮਰਦ ਕੁਝ ਬੋਲੇ...ਇਲਜ਼ਾਮ ਹਮੇਸ਼ਾ ਤੀਵੀਂ 'ਤੇ ਹੀ ਆਉਂਦਾ ਏ...ਆਪਣੀ ਵਹੁਟੀ ਨੂੰ ਕੁਝ ਕਹੇ ਤਾਂ ਵਹੁਟੀ ਕਹਿੰਦੀ ਏ, ਇਹ ਆਪ ਤਾਂ ਚੰਗੇ ਨੇ, ਪਰ ਮਾਂ ਦੇ ਸਿਖੇ ਸਿਖਾਏ ਕੌੜਾ ਬੋਲਦੇ ਨੇ...ਜੇ ਮਾਂ ਨੂੰ ਗ਼ਲਤ ਗੱਲ ਆਖੇ ਤਾਂ ਮਾਂ ਪੁੱਤਰ ਨੂੰ ਨਹੀਂ...ਹਮੇਸ਼ਾ ਇਹੋ ਕਹੇਗੀ ਕਿ ਨੂੰਹ ਦੇ ਸਿਖੇ ਸਿਖਾਏ ਬੋਲਦਾ ਏ...ਮਾਮੀ ਮੇਰੀ ਚੰਗੀ ਏ।

ਤਾਈ : ਮੈਂ ਹੀ ਮਾੜੀ ਹਾਂ ?

ਪਰਮਜੀਤ : ਨਹੀਂ, ਤੂੰ ਬੜੀ ਚੰਗੀ ਏਂ।

*(ਉਹਦੇ ਗਲ ਵੱਕੜੀ ਪਾਉਂਦੀ ਹੈ।)*

ਤਾਈ : ਚੱਲ ਖੇਖਣਹਾਰੀ।

*(ਜਿਓਤੀ ਆਉਂਦੀ ਹੈ।)*

ਜਿਓਤੀ : ਪਰਮਜੀਤ ਤੂੰ ਸੁਣਿਐ ?

ਪਰਮਜੀਤ : ਕੀ ?

ਜਿਓਤੀ : ਪਿੰਡ ਵਿਚ ਰੌਲਾ ਪਿਆ ਏ ਕਿ ਸਟੇਜ ਵਾਲੀ ਥਾਂ ਭਾਨ ਸਿੰਘ ਦੇ ਨਾਂ ਏ ਤੇ ਉਹ ਪੁਲਿਸ ਦੀ ਮਦਦ ਨਾਲ ਉਸ ਉੱਤੇ ਕਬਜ਼ਾ ਕਰਨਾ ਚਾਹੁੰਦਾ ਏ...ਪੁਲਿਸ ਉਥੇ ਆਈ ਹੋਈ ਏ।

ਤਾਈ : ਇਹ ਸਾਰੀ ਉਸ ਰੁੜ ਪੁੜ ਜਾਣੇ ਠੇਕੇਦਾਰ ਦੀ ਸ਼ਰਾਰਤ ਏ...ਇਹ ਭਾਨਾ ਉਹਦਾ ਹੀ ਬੇਲੀ ਏ।

ਜਿਓਤੀ : ਰਵੀ ਦੱਸਦਾ ਸੀ ਕਿ ਇਹ ਸਾਰੀ ਸਕੀਮ ਉਹਦੇ ਘਰ ਬਣੀ ਏ... ਉਹਦੇ ਪਿਤਾ ਜੀ ਨੇ ਹੀ ਪੈਸਾ ਖਰਚ ਕੇ ਪਟਵਾਰੀ ਕੋਲੋਂ ਕਾਗ਼ਜ਼ ਬਣਵਾ ਕੇ ਦਿੱਤੇ ਨੇ।

ਤਾਈ : ਲੁੱਟ ਪਈ ਹੋਈ ਏ।

ਪਰਮਜੀਤ : ਜਦੋਂ ਦਾ ਅਸੀਂ ਡਰਾਮਾ ਕੀਤਾ ਏ...ਠੇਕੇਦਾਰ ਤੇ ਲਾਲ ਕਰਮਚੰਦ ਹੋਰਾਂ ਨੂੰ ਬੜੀ ਤਕਲੀਫ਼ ਹੋਈ ਏ।

ਤਾਈ : ਤਕਲੀਫ਼ ਤਾਂ ਹੋਣੀ ਏ...ਭੈੜੇ ਬੰਦੇ ਕਦੋਂ ਚਾਹੁੰਦੇ ਨੇ ਕਿ ਪਿੰਡ ਵਿਚ ਕੋਈ ਚੰਗੀ ਗੱਲ ਹੋਵੇ...ਤੁਸੀਂ ਮੇਰੇ ਨਾਲ ਚਲੋ ਅਸੀਂ ਇਹ ਸਭ ਕੁਝ ਨਹੀਂ ਹੋਣ ਦੇਣਾ।

ਜਿਓਤੀ : ਹਾਹੋ...ਤਾਈ ਸਭ ਉਥੇ ਪੁੱਜ ਰਹੇ ਨੇ।

*(ਤੇਜ਼ ਤੇਜ਼ ਬਾਹਰ ਜਾਂਦੀਆਂ ਨੇ। ਫੇਡ ਆਊਟ)*

## ਸੀਨ ਅਠਵਾਂ

(ਸਟੇਜ ਵਾਲੀ ਥਾਂ ਪੁਲਿਸ ਘੁੰਮ ਰਹੀ ਏ। ਠੇਕੇਦਾਰ ਤੇ ਭਾਨ ਸਿੰਘ ਇਕ ਪਾਸੇ ਹਨ।)

ਇੰਸਪੈਕਟਰ : ਦੇਖੋ ਸੂਬੇਦਾਰ ਜੀ...ਸਾਡੇ ਕੋਲ ਪੂਰੇ ਕਾਗ਼ਜ਼ ਨੇ ਕਿ ਇਹ ਜ਼ਮੀਨ ਜਿਸ 'ਤੇ ਥੜਾ ਬਣਿਆ ਹੋਇਆ ਏ।

ਸੂਬੇਦਾਰ : ਇੰਸਪੈਕਟਰ ਸਾਹਿਬ ਇਹ ਥੜਾ ਨਹੀਂ, ਸਗੋਂ ਬਕਾਇਦਾ ਇਕ ਡਰਾਮਾ ਸਟੇਜ ਏ।

ਇੰਸਪੈਕਟਰ : ਚਲੋ ਸਟੇਜ ਹੀ ਸਹੀ...ਇਹ ਜ਼ਮੀਨ ਭਾਨ ਸਿੰਘ ਸ਼ਿੰਗਾਰਾ ਸਿੰਘ ਦੀ ਮਲਕੀਅਤ ਤੋਂ ਏ ਤੇ ਅਸੀਂ ਭਜਨ ਸਿੰਘ ਨੂੰ ਇਹਦਾ ਕਬਜ਼ਾ ਦੁਆਉਣਾ ਏ।

ਸੂਬੇਦਾਰ : ਤੁਸੀਂ ਕਿਉਂ ਤਕਲੀਫ਼ ਕੀਤੀ ਏ ? ਪਿੰਡ ਵਾਲੇ ਆਪ ਹੀ ਫ਼ੈਸਲਾ ਕਰ ਲੈਂਦੇ।

ਇੰਸਪੈਕਟਰ : ਇਹਨੇ ਅਰਜ਼ੀ ਦਿੱਤੀ ਏ ਕਿ ਇਸ ਨੂੰ ਸਾਡੀ ਮਦਦ ਦੀ ਲੋੜ ਏ।

ਸੂਬੇਦਾਰ : ਮਦਦ ਦੀ ਲੋੜ ਤਾਂ ਰਹਿਣੀ ਏ, ਮੁੰਡੇ ਕੁੜੀਆਂ ਨੂੰ ਜਦੋਂ ਤੁਹਾਡੇ ਆਉਣ ਦਾ ਪਤਾ ਲੱਗਿਆ ਹੈ, ਉਹ ਘਰ ਘਰ ਖ਼ਬਰ ਕਰਕੇ ਇਕੱਠੇ ਹੋ ਰਹੇ ਨੇ...ਬਾਕੀ ਮੈਂ ਤੁਹਾਨੂੰ ਦੱਸ ਦੇਵਾਂ, ਇਹ ਜ਼ਮੀਨ ਕੋਈ ਭਾਨ ਸਿੰਘ ਦੀ ਮਲਕੀਅਤ ਨਹੀਂ...ਮੈਂ ਇਸ ਪਿੰਡ ਵਿਚ ਪਿਛਲੇ 70 ਸਾਲ ਤੋਂ ਰਹਿ ਰਿਹਾ ਹਾਂ, ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਇਹ ਜ਼ਮੀਨ ਸ਼ਾਮਲਾਟ ਏ। ਇਥੇ ਟੋਏ ਟਿੱਬੇ ਸਨ...ਮੁੰਡਿਆਂ ਕੁੜੀਆਂ ਨੇ ਮਿਹਨਤ ਕਰਕੇ ਇਸ ਨੂੰ ਪੱਧਰਾ ਕੀਤਾ ਅਤੇ ਸਟੇਜ ਬਣਾਈ।

ਇੰਸਪੈਕਟਰ : ਪਰ ਕਾਗ਼ਜ਼ ਤਾਂ ਸਰਕਾਰੀ ਨੇ ਤੇ ਇਨ੍ਹਾਂ ਉੱਤੇ ਸਰਕਾਰੀ ਮੋਹਰ ਏ।

ਠੇਕੇਦਾਰ : ਥਾਣੇਦਾਰ ਸਾਹਿਬ...ਤੁਸੀਂ ਕਿਸ ਬਹਿਸ ਵਿਚ ਪੈ ਗਏ...(ਭਾਨ ਸਿੰਘ ਨੂੰ) ਭਾਨ ਸਿਆਂ ਲਿਆ ਆਪਣੇ ਬੰਦੇ ਤੇ ਪੁੱਟ ਛੱਡੋ ਸਭ ਕੁਝ

ਭਗਤ : (ਅੱਗੇ ਆ ਕੇ) ਐਵੇਂ ਪੁੱਟ ਛੱਡੋਂ ਸਭ ਕੁਝ ਲੁੱਟ ਪਈ ਹੋਈ ਏ... ਜਿਹੜੀ ਜ਼ਮੀਨ 'ਤੇ ਮਰਜ਼ੀ ਮੱਲ ਮਾਰ ਲੋ। ਇਥੇ ਤਾਂ ਲਹੂ ਦੀਆਂ ਨਦੀਆਂ ਵਗ ਜਾਣਗੀਆਂ...ਤੁਸੀਂ ਸਮਝ ਕੀ ਰੱਖਿਆ ਏ ?

ਇੰਸਪੈਕਟਰ : ਲਹੂ ਦੀਆਂ ਨਦੀਆਂ ਕਿਉਂ ਵਗ ਜਾਣਗੀਆਂ...ਅਸੀਂ ਕਿਸ ਲਈ ਹਾਂ ?

ਠੇਕੇਦਾਰ : ਤੁਸੀਂ ਇਸ ਪਾਗਲ ਦੀਆਂ ਗੱਲਾਂ ਵੱਲ ਧਿਆਨ ਨਾ ਦੇਵੋ...ਹਟ ਜਾ ਉਏ ਪਾਸੇ।

*(ਤਾਈ, ਪਰਮਜੀਤ ਅਤੇ ਜਿਓਤੀ ਆਉਂਦੀਆਂ ਹਨ।)*

ਤਾਈ : ਹਟ ਕਿਉਂ ਜਾਏ...ਅਸੀਂ ਵੀ ਇਹਦੇ ਨਾਲ ਹਾਂ।

ਪਰਮਜੀਤ : ਇਸ ਪਵਿੱਤਰ ਥਾਂ ਦੀ ਰਖਵਾਲੀ ਅਸੀਂ ਆਪਣੀਆਂ ਜਾਨਾਂ ਦੇ ਕੇ ਕਰਾਂਗੀਆਂ।

ਜਿਓਤੀ : ਹਾਂ, ਇਹ ਸਾਡੀ ਸਾਰਿਆਂ ਦੀ ਸਾਂਝੀ ਥਾਂ ਏ।

*(ਰਵੀ ਦੀਪਾ ਅਤੇ ਬਿੰਦਰ ਆਉਂਦੇ ਹਨ। ਉਨ੍ਹਾਂ ਦੇ ਹੱਥਾਂ ਵਿਚ ਡਾਂਗਾਂ ਹਨ, ਉਨ੍ਹਾਂ ਦਾ ਖਲੋਣਾ ਇਸ ਮੁਦਰਾ ਵਿਚ ਹੈ ਕਿ ਇਹ ਲੜਨ ਮਰਨ ਲਈ ਤਿਆਰ ਹਨ।)*

ਸੂਬੇਦਾਰ : ਥਾਣੇਦਾਰ ਸਾਹਿਬ, ਇਹ ਮਾਮਲਾ ਏਨਾ ਛੋਟਾ ਨਹੀਂ।

ਠੇਕੇਦਾਰ : (ਥਾਣੇਦਾਰ ਨੂੰ ਸ਼ਸ਼ੋਪੰਜ ਵਿਚ ਵੇਖ ਕੇ) ਸੂਬੇਦਾਰਾ ਇਨ੍ਹਾਂ ਨੂੰ ਸਮਝਾ...ਦੰਗਾ ਫਸਾਦ ਹੋ ਜਾਏ, ਕੋਈ ਚੰਗੀ ਗੱਲ ਨਹੀਂ।

*(ਜਗਤਾਰ ਆਉਂਦਾ ਹੈ।)*

ਜਗਤਾਰ : ਤੁਸੀਂ ਠੇਕੇਦਾਰ ਜੀ ਕਿਉਂ ਬੋਲਦੇ ਹੋ...ਭਾਨ ਸਿੰਘ ਨੂੰ ਬੋਲਣ ਦਿਉ...(ਭਾਨ ਸਿੰਘ ਨੂੰ) ਤੁਸੀਂ ਰੱਬ ਨੂੰ ਹਾਜ਼ਰ ਨਾਜ਼ਰ ਸਮਝ ਕੇ ਇਹ ਦੱਸੋ ਕਿ ਇਹ ਜ਼ਮੀਨ ਤੁਹਾਡੀ ਏ।

ਠੇਕੇਦਾਰ : ਜੇ ਇਹ ਕਹਿ ਦੇਵੇ ਤਾਂ ਫੇਰ ਤੁਸੀਂ ਹਟ ਜਾਓਗੇ।

ਜਗਤਾਰ : ਪਹਿਲੇ ਇਹਨੂੰ ਕਹਿ ਤਾਂ ਲੈਣ ਦਿਓ, ਫੇਰ ਵੇਖਾਂਗੇ।

ਠੇਕੇਦਾਰ : ਬੋਲ ਭਾਨ ਸਿਆਂ।

ਭਾਨ ਸਿੰਘ : (ਚੁੱਪ)

ਤਾਈ : ਭਾਨ ਸਿਆਂ ਬੋਲ ਤੇ ਸੱਚ ਸੱਚ ਬੋਲ...ਇਹ ਪਿੰਡ ਦੀ ਇੱਜ਼ਤ ਦਾ ਸਵਾਲ ਏ।

ਜਿਓਤੀ : ਚਾਚਾ ਤੇਰੇ ਦੁੱਖ ਸੁੱਖ ਪਿੰਡ ਦੇ ਨਾਲ ਨੇ...ਤੂੰ ਪਿੰਡ ਤੋਂ ਵੱਖਰਾ ਨਹੀਂ।

ਭਾਨ ਸਿੰਘ : (ਚੁੱਪ)

ਠੇਕੇਦਾਰ : ਇਹ ਕੀ ਬੋਲੇਗਾ...ਇਹ ਕਾਗ਼ਜ਼ ਜੋ ਬੋਲਦੇ ਨੇ।

ਭਗਤ : ਕਾਗ਼ਜ਼ ਤਾਂ ਬਹੁਤ ਕੁਝ ਬੋਲਦੇ ਨੇ...ਪਰ ਜੋ ਕਾਗ਼ਜ਼ ਬੋਲਦੇ ਨੇ, ਉਹ ਹਮੇਸ਼ਾ ਸੱਚ ਨਹੀਂ ਹੁੰਦਾ।

ਸੂਬੇਦਾਰ : ਭਾਨ ਸਿਆਂ ਸੱਚ ਬੋਲਣ ਨਾਲ ਬੰਦਾ ਹਲਕਾ ਨਹੀਂ ਹੁੰਦਾ, ਸਗੋਂ ਉਹਦਾ ਮਾਨ ਸਨਮਾਨ ਵਧਦਾ ਏ।

ਤਾਈ : ਬੰਦਾ ਉਹੀ ਬੰਦਾ ਹੁੰਦਾ ਏ, ਜੋ ਮੁਸ਼ਕਲ ਵੇਲੇ ਡੋਲੇ ਨਾ।

ਭਾਨ ਸਿੰਘ : (ਚੁੱਪ)

*(ਲਾਲਾ ਕਰਮਚੰਦ ਆਉਂਦਾ ਹੈ।)*

ਕਰਮਚੰਦ : ਕੀ ਗੱਲ ਹੋਈ ਏ, ਇੰਸਪੈਕਟਰ ਸਾਹਿਬ ?

ਭਗਤ : ਲਾਲਾ ਜੀ ਵੀ ਆ ਗਏ ਨੇ, ਇਨ੍ਹਾਂ ਨੂੰ ਦੱਸੋ ਕੀ ਗੱਲ ਹੋਈ ਏ, ਜਿਸ ਤਰ੍ਹਾਂ ਇਨ੍ਹਾਂ ਨੂੰ ਪਤਾ ਨਹੀਂ।

ਇੰਸਪੈਕਟਰ : ਲਾਲਾ ਜੀ, ਤੁਸੀਂ ਇਸ ਪਿੰਡ ਵਿਚ ਪੁਰਾਣੇ ਰਹਿਣ ਵਾਲੇ ਹੋ, ਤੁਸੀਂ ਹੀ ਇਹ ਦੱਸੋ ਇਹ ਜ਼ਮੀਨ ਸ਼ਾਮਲਾਟ ਏ ਕਿ ਭਾਨ ਸਿੰਘ ਦੀ ਏ ?

ਕਰਮਚੰਦ : ਭਾਨ ਸਿੰਘ ਕੀ ਕਹਿੰਦਾ ਏ ?

ਸੂਬੇਦਾਰ : ਅਸੀਂ ਭਾਨ ਸਿੰਘ ਨੂੰ ਹੀ ਪੁੱਛ ਰਹੇ ਹਾਂ...ਪਰ ਇਹ ਠੇਕੇਦਾਰ ਵਿਚੋਂ ਬੋਲ ਪੈਂਦਾ ਹੈ।

ਕਰਮਚੰਦ : ਈਸ਼ਰ ਸਿੰਘ ਤੂੰ ਕਿਉਂ ਬੋਲਦੈਂ, ਭਾਨ ਸਿੰਘ ਨੂੰ ਬੋਲਣ ਦੇ..ਤਾਂ ਜੋ ਸੱਚ ਬਾਹਰ ਆ ਜਾਏ...(ਰਵੀ ਨੂੰ ਦੇਖਦਾ ਹੈ) ਰਵੀ ਤੂੰ ਇਥੇ ਕਿਉਂ ਖੜਾ ਏਂ ?

ਰਵੀ : ਤਾਂ ਜੋ ਸੱਚ ਬਾਹਰ ਆ ਜਾਏ।

ਭਗਤ : ਇਹ ਖਲਨਾਇਕ ਦੀਆਂ ਮੁੱਛਾਂ ਨੂੰ ਵੇਖ ਰਿਹਾ ਏ...(ਲਾਲਾ ਕਰਮਚੰਦ

ਵੱਲ ਜਾਂਦਾ ਹੈ।)

ਰਵੀ : ਭਾਨ ਸਿਆਂ ਬੋਲ...ਸਾਰੇ ਤੇਰਾ ਬੋਲਣਾ ਉਡੀਕ ਰਹੇ ਨੇ।

ਸੂਬੇਦਾਰ : ਹਾਂ ਬੋਲ ਭਾਨ ਸਿਆਂ।

ਭਾਨ ਸਿੰਘ : (ਸਾਰਿਆਂ ਵੱਲ ਵਾਰੀ ਵਾਰੀ ਵੇਖਦਾ ਹੈ, ਜਿਸ ਤਰ੍ਹਾਂ ਸ਼ਸ਼ੋਪੰਜ ਵਿਚ ਹੈ, ਫਿਰ ਉੱਚੀ ਸਾਰੀ ਬੋਲਦਾ ਹੈ) ਨਹੀਂ, ਇਹ ਜ਼ਮੀਨ ਮੇਰੀ ਨਹੀਂ...ਠੇਕੇਦਾਰ ਨੇ ਕਿਹਾ ਕਾਗ਼ਜ਼ਾਂ ਵਿਚ ਮੇਰੀ ਹੈ ਤੇ ਮੈਂ ਪੁਲਿਸ ਵਾਲਿਆਂ ਨੂੰ ਬੁਲਾ ਲਿਆਇਆ। ਮੈਨੂੰ ਭਰਾਵੋ ਮੁਆਫ਼ ਕਰ ਦੇਵੋ...(ਵੱਖ ਵੱਖ ਪਾਤਰਾਂ ਦੇ ਵੱਖ ਪ੍ਰਤੀਕਰਮ ਹਨ।)

ਭਗਤ : ਤੈਨੂੰ ਮੁਆਫ਼ ਕਰ ਦੇਵਾਂਗੇ, ਜੇ ਤੂੰ ਇਹ ਦੱਸ ਦੇਵੇਂ ਕਿ ਠੇਕੇਦਾਰ ਕੋਲੋਂ ਕਿੰਨਾ ਪੈਸਾ ਲਿਆ ਤੇ ਪੁਲਿਸ ਵਾਲਿਆਂ ਨੂੰ ਕਿੰਨਾ ਦਿੱਤਾ ?

ਠੇਕੇਦਾਰ : ਮੈਂ ਕੁਝ ਨਹੀਂ ਦਿੱਤਾ ਲਿੱਤਾ...ਮੈਂ ਤਾਂ ਉਹੀ ਕੀਤਾ ਜੋ ਲਾਲਾ ਜੀ ਨੇ ਕਰਨ ਨੂੰ ਕਿਹਾ ਸੀ...ਉਨ੍ਹਾਂ ਦੇ ਕਹਿਣ 'ਤੇ ਹੀ ਮੈਂ ਪਟਵਾਰੀ ਕੋਲੋਂ ਕਾਗ਼ਜ਼ ਬਣਵਾਏ ਸਨ।

ਭਗਤ : ਬਿੱਲੀ ਆ ਗਈ ਨਾ ਥੈਲਿਓਂ ਬਾਹਰ...(ਠੇਕੇਦਾਰਨੀ ਆਉਂਦੀ ਹੈ।)

ਠੇਕੇਦਾਰਨੀ : ਇਕ ਕਾਗ਼ਜ਼ ਮੇਰੇ ਕੋਲ ਵੀ ਏ।

ਠੇਕੇਦਾਰ : ਤੂੰ ਇਥੇ ਕਿਉਂ ਆਈ ਏਂ ?

ਠੇਕੇਦਾਰਨੀ : ਕਿਉਂ, ਜਿਥੇ ਪਿੰਡ ਵਾਲੇ ਹੋਣ, ਮੈਂ ਨਹੀਂ ਆ ਸਕਦੀ ?

ਪਰਮਜੀਤ : ਚਾਚੀ ਤੇਰੇ ਹੱਥ ਵਿਚ ਕੀ ਏ ?

ਠੇਕੇਦਾਰਨੀ : ਇਹ ਉਹ ਕਾਗ਼ਜ਼ ਏ, ਜਿਸ 'ਤੇ ਪਿੰਡ ਦੇ ਇਸ ਠੇਕੇਦਾਰ ਨੇ, ਜੋ ਮੇਰਾ ਘਰ ਵਾਲਾ ਵੀ ਏ, ਮਰਨ ਵੇਲੇ ਭਗਤ ਦੇ ਪਿਤਾ ਕੋਲੋਂ ਧੋਖੇ ਨਾਲ ਗੂਠਾ ਲਵਾਇਆ ਸੀ ਤੇ ਇਹ ਮੈਂ ਫਾੜਦੀ ਹਾਂ ਤਾਂ ਜੋ ਉਸ ਸੂਲ ਦੀ ਪੀੜ ਖ਼ਤਮ ਹੋਵੇ, ਜੋ ਸਾਲਾਂ ਭਰ ਮੇਰੇ ਸੀਨੇ ਵਿਚ ਚੁਭਦਾ ਰਿਹਾ।

*(ਕਾਗ਼ਜ਼ ਦੇ ਟੁਕੜੇ ਪ੍ਰਤੀਕ ਦੇ ਤੌਰ 'ਤੇ ਇਧਰ ਉਧਰ ਉੱਡਦੇ ਹਨ। ਭਗਤ ਠੇਕੇਦਾਰਨੀ ਦੇ ਪੈਰੀਂ ਹੱਥ ਲਾਉਂਦਾ ਹੈ। ਉਹ ਉਸ ਨੂੰ ਕਲਾਵੇ ਵਿਚ ਲੈਂਦੀ ਹੈ। ਇੰਸਪੈਕਟਰ ਕਰਮ ਚੰਦ ਅਤੇ ਠੇਕੇਦਾਰ ਇਕ ਪਾਸੇ ਜਾਂਦੇ ਹਨ। ਬਾਕੀ ਸਾਰੇ ਕਲਾਕਾਰ ਇਕ ਕੰਪੋਜੀਸ਼ਨ ਵਿਚ ਫਰੀਜ਼ ਹੁੰਦੇ ਹਨ।)*

ਆਵਾਜ਼ :

ਅਸੀਂ ਮਿਲ ਕੇ ਚੱਲੇ ਹਾਂ ਸਾਥੀ
ਹਰ ਮੁਸ਼ਕਿਲ ਸਰ ਕਰਾਂਗੇ
ਮੰਜ਼ਿਲ ਚੱਲ ਕੇ ਆਏਗੀ ਕੋਲ ਸਾਡੇ
ਮਿਲ ਕੇ ਜਦੋਂ ਸਫ਼ਰ ਕਰਾਂਗੇ

*(ਸਮਾਪਤ)*